ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਪਟਿਆਲਾ

ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥

ਮਾਰਚ ੧੯੬੭



ਗੁਰਦੁਆਰਾ ਤਖਤ ਸ੍ਰੀ ਕੇਸਗੜ ਸਾਹਿਬ
ਅਨੰਦਪੁਰ ਸਾਹਿਬ

ਇਥੇ ਹਰ ਸਾਲ ਹੋਲੇ ਮਹਲੇ ਦਾ ਸਮਾਗਮ ਹੁੰਦਾ ਹੈ ।

www.AKJ.Org

# ਲੇਖ ਸੂਚੀ


| ਨੰਬਰ | ਲੇਖ | ਪੰਨਾ | ਲੇਖਕ |
|---|---|---|---|
| ੧. | ਕਨਵੈਨਸ਼ਨ | ੪. | ਸੰਪਾਦਕ |
| ੨. | ਸਾਲਾਨਾ ਹਿਸਾਬ ਕਿਤਾਬ | ੫. | ਮੈਨੇਜਰ |
| ੩. | ਸਚਾ ਰੰਗ | ੬. | ਸ਼ਬਦ |
| ੪. | ਚਮਕੌਰ ਸਾਹਿਬ ਦਾ ਮੋਰਚਾ | ੭. | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੫. | ਕੀ ਪੰਥ ਲਈ ਗ੍ਰੰਥ ਦੀ ਤਾਬਿਆ ਜ਼ਰੂਰੀ ਹੈ ? | ੧੨. | ਗਿਆਨੀ ਗੁਰਦਿਤ ਸਿੰਘ ਜੀ ਸੰਪਾਦਕ 'ਪਰਕਾਸ਼' ਚੰਡੀਗੜ੍ਹ |
| ੬. | ਹਰਿਆਵਲੇ ਮੰਗਲ ਰਾਜਾ ਰਾਮ ਕੇ | ੧੯. | ਭਾਈ ਸਤਿਨਾਮ ਸਿੰਘ ਜੀ ਲੁਧਿਆਣਾ |
| ੭. | ਲਗਾਂ ਮਾਤਰਾਂ ਦੀ ਮਹਤੱਤਾ | ੨੪. | ਭਾਈ ਮਾਲਿਕ ਸਿੰਘ ਜੀ B. Sc. ਕਾਨਪੁਰ |
| ੮. | ਸਿਮਰਨ ਦਾਤਾ ਸਤਿਗੁਰੂ | ੨੯. | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੯. | ਡਿਠੇ ਸੁਣੇ ਤੇ ਹਢੀਂ ਵਾਪਰੇ ਬਿਰਤਾਂਤ | ੩੩. | ਭਾਈ ਸੁਰਜਨ ਸਿੰਘ ਜੀ |
| ੧੦. | ਸਾਲਾਨਾ ਸਮਾਗਮ ਹੋਲਾ ਮਹਲਾ | ੩੮. | ਅਖੰਡ ਕੀਰਤਨੀ ਜਥਾ ਚੰਡੀਗੜ੍ਹ |
| ੧੧. | ਸਾਲਾਨਾ ਕੀਰਤਨ ਸਮਾਗਮ | ੩੯. | ਸੰਗਤ ਡਾਲੋਮਾਜਰਾ |


## ਕੀਰਤਨ ਰੈਣ ਸਬਾਈ

ਪਿੰਡ ਮੋਹੀ ਮਾ: ਗੁਰਚਰਨ ਸਿੰਘ 'ਗਿਲ' ਮਕਾਨ ਨੰ ੪੬੪ ਵਿਖੇ ੧੧.੩.੬੭ ਤੇ ੧੨.੩.੬੭ ਦੀ ਵਿਚਕਾਰਲੀ ਰਾਤ ਨੂੰ ਕੀਰਤਨ ਰੈਣ ਸਬਾਈ ਹੋਵੇਗਾ। ਸਮੂੰਹ ਸੰਗਤਾਂ ਪਵਿਤਰ ਲਾਹੇ ਲੈਣ ਲਈ ਸੰਗੀਆਂ ਸਾਥੀਆਂ ਸਮੇਤ ਪੁਜਣ।

ਨੋਟ:— ਰਾਏ ਕੋਟ ਮੁਲਾਂਪੁਰ ਰੋਡ ਦੇ ਵਿਚਕਾਰ ਗੁਰੂ ਸਰ ਸੁਧਾਰ ਕਾਲਜ ਤੋਂ ਸਿਰਫ ਦੋ ਮੀਲ ਹੈ। ਮੁਲਾਂਪੁਰ ਰਾਗੀ ਨਾਹਰ ਸਿੰਘ ਜੀ ਦੀ ਦਕਾਨ ਤੇ ਸੰਗਤਾਂ ਨੂੰ ਉਡੀਕਿਆ ਜਾਏਗਾ।

ਪੁਛ ਗਿਛ ਲਈ
ਮਾ: ਉਜਾਗਰ ਸਿੰਘ ਪਿੰਡ ਫਰਵਾਲੀ
ਡਾਕਘਰ ਲੋਹਟਬਦੀ ਜ਼ਿਲਾ ਸੰਗਰੂਰ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗਿ ਮਹਿ, ਸੋ ਕਹੀਅਤ ਹੈ ਸੂਰਾ ।


੧ੴ ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਮਾਸਕ ਪਟਿਆਲਾ ਪੱਤਰ

## ਗੁਰਮਤਿ ਪ੍ਰਚਾਰਕ ਮਾਸਕ ਪੱਤਰ

ਜਿਲਦ ਨੰ: ੨ ਫਗਣ-ਚੇਤਿ ੪੯੮ ਨਾਨਕਸ਼ਾਹੀ ਅੰਕ ਨੰ: ੨


ਚੇਤਿ ਗੋਵਿੰਦ ਅਰਾਧੀਐ ਹੋਵੈ ਅਨੰਦ ਘਣਾ ॥
ਸੰਤ ਜਨਾ ਮਿਲਿ ਪਾਈਐ ਰਸਨਾ ਨਾਮ ਭਣਾ ॥
ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ।
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥
ਜਲਿ ਥਲਿ ਮਹੀਅਲ ਪੂਰਿਆ ਰਵਿਆ ਵਿਚ ਵਣਾ ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥
ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥
ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥
(ਬਾਰਹਮਾਹਾ ਮਾਂਝ ਮਹਲੁ ੫ ਘਰੁ ੪)


ਆਨਰੇਰੀ ਐਡੀਟਰ :-
ਮਨੋਹਰ ਸਿੰਘ

ਮਾਰਚ ੧੯੬੭



ਸਲਾਹਕਾਰ ਬੋਰਡ :-
ਬਾਊ ਮਲ ਸਿੰਘ ਜੀ, ਭਾਈ ਜੋਗਿੰਦਰ ਸਿੰਘ ਜੀ,
ਭਾਈ ਮਹਿੰਦਰ ਸਿੰਘ ਜੀ, ਭਾਈ ਸੇਵਾ ਸਿੰਘ ਜੀ,
ਭਾਈ ਮਨਮੋਹਨ ਸਿੰਘ ਜੀ, ਭਾਈ ਅਜੀਤ ਸਿੰਘ ਜੀ,

www.AKJ.Org

ਸੰਪਾਦਕੀ ਨੋਟ :–

# ਕਨਵੈਨਸ਼ਨ

ਪਿਛਲੇ ਮਹੀਨੇ ਕਨਵੈਨਸ਼ਨ ਬਾਰੇ ਇਸ ਰਸਾਲੇ ਵਿਚ ਛਾਪਿਆ ਗਿਆ ਸੀ। ਅਤੇ ਸਿੰਘਾਂ ਨੂੰ ਨਾਲ ਦੀ ਨਾਲ ਇਹ ਵੀ ਬੇਨਤੀ ਕੀਤੀ ਗਈ ਸੀ ਕਿ ਉਹ ਇਸ ਦੇ ਲਈ "ਤਿਆਰ" ਹੋ ਕੇ ਆਉਣ। ਪਟਿਆਲੇ ਦੇ ਸਮਾਗਮ ਪੁਰ ਸਿੰਘਾਂ ਦੇ ਪ੍ਰਸਪਰ ਮਿਲਾਪ ਦੀ ਨਿਘੀ ਮੁਸਕਾਨ ਵਿੱਚ ਕਨਵੈਨਸ਼ਨ ਵੀ ਮੁਸਕਰਾਉਂਦੀ ਦਿਸਦੀ ਸੀ।

੨੫ ਫਰਵਰੀ ਦੇ ਦਿਨ ਦੇ ਪ੍ਰੋਗ੍ਰਾਮ ਦੀ ਸਮਾਪਤੀ ਤੋਂ ਉਪਰੰਤ ਕਨਵੈਨਸ਼ਨ ਹੋਈ ; ਜਿਸਦੀ ਇਕਤ੍ਰਤਾ ਵਿਚ ਬਹੁਤ ਸਾਰੇ ਸਿੰਘ ਹਾਜ਼ਰ ਸਨ। ਗੁਰੂ ਮਹਾਰਾਜ ਆਪਣੇ ਸਿੰਘਾਸਣ ਤੇ ਪ੍ਰਕਾਸ਼ਮਾਨ ਸਨ। ਏਜੰਡਾ ਸੰਗਤ ਦੇ ਸਾਮਣੇ ਪੇਸ਼ ਹੋਇਆ ਜਿਸਦੀ ਵਲਗਨ ਗੁਰਮਤਿ ਰਹਿਤ ਰਹਿਣੀ ਤਕ ਸੀਮਤ ਸੀ। ਕੀਰਤਨ ਦੀ ਸਟੇਜ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ 'ਸੂਰਾ' ਦਾ ਸਾਲਾਨਾ ਖਾਤਾ, ਆਦਿ ਸ਼ਾਮਲ ਸਨ।

ਦਰ ਅਸਲ ਕਨਵੈਨਸ਼ਨ–ਜਾਂ ਵਿਚਾਰ ਵਟਾਂਦਰਾ ਅਤੇ ਗੁਰਮਤਾ ਕਰਨਾ ਕੋਈ ਮਾੜੀ ਗਲ ਨਹੀਂ। ਪਰ ਇਸ ਕਨਵੈਨਸ਼ਨ ਵਿਚ ਜੋ ਕੁਝ ਵਿਚਾਰ ਹੋਈ ਉਸ ਵਿੱਚ ਇਕ ਗਲ ਸਪਸ਼ਟ ਦਿਸਦੀ ਸੀ ਕਿ ਕਈ ਥਾਵਾਂ ਤੇ ਸਥਾਨਕ ਤੌਰ ਤੇ ਜੱਥੇ ਦੀ ਰਹਿਤ ਰਹਿਣੀ ਵਿੱਚ ਜੋ ਖੁਲ ਵਰਤੀ ਗਈ ਜਾਂ ਜਾਂਦੀ ਹੈ, ਉਸਨੂੰ ਕਿਸ ਤਰ੍ਹਾਂ ਰੋਕਿਆ ਜਾਏ। ਵਿਚਾਰ ਕਰਨ ਵਾਲਿਆਂ ਵਿੱਚ ਪੁਰਾਤਨ ਸਿੰਘ ਅਤੇ ਨਵੀਨ ਪਨੀਰੀ ਦੋਵੇਂ ਆਪਣੀ ਥਾਂ ਤੇ ਠੀਕ ਸਨ, ਰਹਿਤ ਰਹਿਣੀ ਵਿੱਚ ਉਕਾ ਢਿਲ ਨਹੀਂ ਪਾਉਣੀ ਚਾਹੀਦੀ, ਪਰ ਫਰਕ ਕੇਵਲ (approach) ਤਰੀਕੇ ਦਾ ਸੀ। ਆਖ਼ਰ ਸ਼ਰਈ ਲੀਹਾਂ ਤੋਂ ਉਪਰ ਉਠ ਕੇ ਸੰਗਤ ਨੇ 'ਪ੍ਰੇਮ ਅਗੇ ਨੇਮ ਨਹੀਂ' ਨੂੰ ਸਿਰ ਮੱਥੇ ਮਨਿਆ।

ਰੰਗ ਰਤੜੇ ਵੀਰਾਂ ਨੇ, ਜਿਨ੍ਹਾਂ ਦੀਆਂ ਸੁਰਤੀਆਂ ਕੀਰਤਨ ਦੇ ਇਲਾਹੀ ਰਸ ਭੁੰਚ ਭੁੰਚ ਕੇ ਉਹ ਆਤਮਕ ਮੰਡਲਾਂ ਵਿੱਚ ਉਚ ਉਡਾਰੀਆਂ ਲਾ ਰਹੀਆਂ ਸਨ, ਤਾਂ ਇਥੋਂ ਤਕ ਵੀ ਆਪਣੇ ਰੰਗਾਂ ਵਿਚ ਸਹਿਜ ਸੁਭਾਏ ਕਹਿ ਦਿਤਾ ਕਿ ਇਹ ਸਾਰੀਆਂ ਵਿਚਾਰਾਂ, ਮੀਟਿੰਗਾਂ "ਫੋਕਟ" ਹੀ ਹਨ। ਅਤੇ ਪਰਤਖ ਸੰਗਤ ਨੂੰ ਇਸ ਗਲ ਦਾ ਅਹਿਸਾਸ ਹੋਇਆ ਅਤੇ ਸਾਰੇ ਮਤੇ ਰਦ ਕਰ ਕੇ ਇਕੋ ਹੀ ਗੁਰਮਤਾ ਹੋਇਆ ਕਿ ਪਿਆਰ ਨਾਲ ਰਹੋ, ਛੋਟੀਆਂ ਛੋਟੀਆਂ ਗਲਾਂ ਦਾ ਨਿਬੇੜਾ ਸਥਾਨਕ ਜਥੇ ਆਪ ਹੀ ਕਰ ਲਿਆ ਕਰਨ ਤੇ ਇਹੋ ਜਿਹੇ ਕੇਂਦਰੀ ਸਮਾਗਮਾਂ ਤੇ ਕੇਵਲ ਕੀਰਤਨ ਦੇ ਮਨੋਰਥ ਨੂੰ ਮੁਖ ਰਖ ਕੇ ਕਠੇ ਹੋਇਆ ਕਰੀਏ।



www.AKJ.Org

# ਮਾਸਕ ਪਤਰ "ਸੂਰਾ" ਦੇ

## ਸਾਲਾਨਾ ਆਮਦਨ ਖਰਚ ਦੇ ਵੇਰਵੇ

| ਮਹੀਨਾ | ਚੰਦੇ ਰੁਪਏ ਪੈਸੇ | ਸਹਾਇਤਾ ਰੁਪਏ ਪੈਸੇ | ਜੋੜ ਰੁਪਏ ਪੈਸੇ | ਖਰਚ ਰੁਪਏ ਪੈਸੇ | ਬਚਤ ਰੁਪਏ ਪੈਸੇ |
|---|---|---|---|---|---|
| ਫਰਵਰੀ ੧੯੬੬ | 560-00 | — | 560-00 | 245-62 | 314-38 |
| ਮਾਰਚ ,, | 255-00 | 5-00 | 260-00 | 182-24 | 77-76 |
| ਅਪਰੈਲ ,, | 392-00 | 10-00 | 402-00 | 312-31 | 89-69 |
| ਮਈ ,, | 380-44 | – | 380-44 | 306-63 | 73-81 |
| ਜੂਨ ,, | 90-00 | - | 90-00 | 78-88 | 11-12 |
| ਜੁਲਾਈ ,, | 80-00 | — | 80-00 | 308-24 | (—) 228.24 |
| ਅਗਸਤ ,, | 160-00 | 400-25 | 560-25 | 252-10 | 308-15 |
| ਸਤੰਬਰ ,, | 235-00 | 583-00 | 818-00 | 385-86 | 432-14 |
| ਅਕਤੂਬਰ ,, | 180-00 | 150-00 | 330-00 | 254-50 | 75-50 |
| ਨਵੰਬਰ ,, | 175-00 | 275-00 | 450-00 | 235-09 | 214-91 |
| ਦਸੰਬਰ ,, | 107-50 | 25-00 | 132-50 | 539-89 | (—) 407-39 |
| ਜਨਵਰੀ ੧੯੬੭ | 429-70 | 36-00 | 465-70 | 312-10 | 153-60 |
| ਜੋੜ | 3044-64 | 1484-25 | 4528-89 | 3413-46 | 1115-43 |

| | |
|---|---|
| ਆਮਦਨ ਚੰਦਿਆਂ ਦੀ | ੩੦੪੪—੬੪ |
| ਆਮਦਨ ਜੋ ਸਹਾਇਤਾ ਦੀ ਆਈ | ੧੪੮੪—੨੫ |
| ਕੁਲ ਆਮਦਨ | ੪੫੨੮—੮੯ |
| ਖਰਚ | ੩੪੧੩—੪੬ |
| ਬਚਤ | ੧੧੧੫—੪੩ |
| ਭਾਈ ਜਸਬੀਰ ਸਿੰਘ ਦੇ ਨਾਮ | ੪੩੨ ੦੦ |
| ਬਾਕੀ ਬਚਤ | ੬੮੩—੪੩ |

ਮੈਨੇਜਰ 'ਸੂਰਾ'



www.AKJ.Org

# ਸਚਾ ਰੰਗ

ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥
ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥
ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥੧॥
ਭਾਈ ਰੇ ਸੰਤ ਜਨਾ ਕੀ ਰੇਣ ॥
ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣ ॥੧॥ ਰਹਾਉ ॥
ਊਚਉ ਥਾਨੁ ਸੁਹਾਵਣਾ ਊਪਰ ਮਹਲੁ ਮੁਰਾਰਿ ॥
ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥
ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥
ਤ੍ਰਿਬਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥
ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥
ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ ॥੩॥
ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸ ॥
ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ ॥
ਨਾਨਕ ਦੇਖਿ ਦਿਖਾਈਐ ਹਉ ਸਦ ਬਲਿਹਾਰੈ ਜਾਸੁ ॥੪॥

(ਸਿਰੀ ਰਾਗੁ ਮਹਲੁ ੧)

www.AKJ.org



www.AKJ.Org

# ਚਮਕੌਰ ਸਾਹਿਬ ਦਾ ਮੋਰਚਾ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਸਾਰਾ ਜੱਥਾ ਸਿੰਘ ਸਿੰਘਣੀਆਂ ਸਮੇਤ ਹਰ ਸਾਲ ਸ੍ਰੀ ਚਮਕੌਰ ਸਾਹਿਬ ਦੇ ਸ਼ਹੀਦੀ ਦੀਵਾਨ ਸਮੇਂ ਯਾਤਰਾ ਲਈ ਜਾਇਆ ਕਰਦਾ ਸੀ। ਦੁਰਾਹੇ ਤਾਈਂ ਪੈਦਲ ਜਾਣਾ ਅਗੇ ਸਵਾਰੀ ਕੌਂਟੇ ਕਿਸ਼ਤੀ ਦੀ ਹੁੰਦੀ ਸੀ ਤੇ ਨਹਿਰ ਦੇ ਰਸਤੇ ਜਾਈਦਾ ਸੀ। ਚਮਕੌਰ ਸਾਹਿਬ ਦੇ ਸਮਾਗਮ ਵਿਚ ਬੇਅੰਤ ਅਨੰਦ ਮਈ ਕੌਤਕ ਵਰਤਦੇ ਰਹੇ। ਪਰ ਇਕ ਬੜਾ ਘਾਟਾ ਸੀ ਕਿ ਜਦ ਗੁਰਦੁਆਰਾਨ ਸਾਹਿਬ ਦੀ ਯਾਤਰਾ ਲਈ ਹੋਲਾ ਮਹੱਲਾ ਚੜ੍ਹਨਾ ਤਾਂ ਗੁਰਦੁਆਰਾ ਕਤਲਗੜ੍ਹ ਵਡੇ ਸਾਹਿਬ ਜ਼ਾਦਿਆਂ ਦੇ ਸ਼ਹੀਦੀ ਅਸਥਾਨ ਦੇ ਅੰਦਰ ਉਸ ਸਮੇਂ ਦੇ ਪੁਜਾਰੀ ਨਿਹੰਗ ਸਿੰਘਾਂ ਨੇ ਨਾ ਜਾਣ ਦੇਣਾ ਬਾਹਰਲੀ ਪ੍ਰਕਰਮਾਂ ਕਰ ਕੇ ਹੀ ਮੁੜ ਆਉਣਾ। ਚਾਹੇ ਜਥੇ ਨੂੰ ਰੋਕਣ ਵਾਲਾ ਕੋਈ ਨਹੀਂ ਸੀ ਬੜੇ ਜੋਸ਼ ਉਠਦੇ ਸਨ ਪ੍ਰੰਤੂ ਭਾਈ (ਬਾਬੂ) ਵੀਰ ਸਿੰਘ ਜੀ ਚਮਕੌਰ ਸਾਹਿਬ ਦੇ ਸਮਾਗਮਾਂ ਦੇ ਕਨਵੀਨਰ ਤੇ ਭਾਈ ਹੀਰਾ ਸਿੰਘ ਜੀ ਰਾਗੀ ਨੇ ਨਿਮਰੀ ਭੂਤ ਹੋ ਕੇ ਜਥੇ ਨੂੰ ਵਰਜੀ ਰਖਣਾ। ਹਰ ਸਾਲ ਅਸੀਂ ਵਰਜੀਂਦੇ ਰਹੇ, ਹਰ ਸਾਲ ਰੋਕਦੇ ਰਹੇ। ੧੯੧੪ ਦੀ ਚਮਕੌਰ ਸਾਹਿਬ ਦੀ ਯਾਤਰਾ ਦਾ ਰੰਗ ਹੋਰ ਹੀ ਹੋ ਗਿਆ। ਸਾਰਾ ਜੱਥਾ ਜਦ ਨਹਿਰ ਦੇ ਪੁਲ ਉਤੇ ਕਉਂਟੇ ਤੋਂ ਉਤਰਿਆ, ਉਤਰਦਿਆਂ ਨੂੰ ਸਵਾਗਤ ਲਈ ਚਮਕੌਰ ਸਾਹਿਬ ਦੇ ਸਾਰੇ ਸੱਜਣ ਤੇ ਸੰਗਤਾਂ ਆਈਆਂ ਹੋਈਆਂ ਸਨ। ਭਾਈ ਹੀਰਾ ਸਿੰਘ ਜੀ ਤੇ ਭਾਈ (ਬਾਬੂ) ਵੀਰ ਸਿੰਘ ਜੀ ਭੀ ਸਾਥ ਸਨ। ਉਤਰਦਿਆਂ ਨੂੰ ਹੀ ਜੋਸ਼ੀਲੇ ਸਜਣਾਂ ਨੇ ਵਿਚੋਂ ਹੀ ਜਥੇ ਨੂੰ ਸੰਦੇਸ਼ਾ ਸੁਣਾ ਦਿਤਾ ਕਿ ਐਤਕੀਂ ਪੁਜਾਰੀਆਂ ਨੇ ਸੈਂਕੜੇ ਹੀ ਨਿਹੰਗ ਸਿੰਘਾਂ ਨੂੰ ਬੁਲਾਇਆ ਹੋਇਆ ਹੈ ਤੇ ਉਹ ਫਸਾਦ ਕਰਨ ਤੇ ਤਿਆਰ ਹਨ। ਬੀਬੀਆਂ ਦੇ ਇਕ ਜਥੇ ਨੂੰ ਧਕੇ ਮਾਰ ਕੇ ਬੜੀ ਬੇਇਜ਼ਤੀ ਨਾਲ ਬਾਹਰ ਕਢ ਦਿਤਾ ਸੀ। "ਜਬੈ ਬਾਣ ਲਾਗੇ ਤਬੈ ਰੋਸ ਜਾਗੇ" ਦੇ ਗੁਰਵਾਕ ਦੇ ਭਾਵ ਅਨੁਸਾਰ ਸਾਰੇ ਜਥੇ ਦੇ ਸਿੰਘ ਸਿੰਘਣੀਆਂ ਨੂੰ ਬੀਰ ਰਸ ਭਰੇ ਜੋਸ਼ ਉਮੁਡ ਉਠੇ। ਬੀਰ ਰਸ ਨਾਲ ਸੰਧੂਰੇ ਹੋਏ ਹਿਰਦੇ ਉਥੇ ਹੀ ਕੀਰਤਨ ਕਰਨ ਵਿਚ ਜੁਟ ਗਏ ਅਤੇ ਚਲਣ ਤੋਂ ਪਹਿਲਾਂ ਵੰਗਾਰ ਕੇ ਸੁਣਾ ਦਿਤਾ ਸੀ ਕਿ ਅੰਦਰਲੀ ਪ੍ਰਕਰਮਾਂ ਦੀ ਯਾਤਰਾ ਕਰਨੋ ਕੋਈ ਤਾਕਤ ਨਹੀਂ ਰੋਕ ਸਕੇਗੀ। ਇਹ ਵੰਗਾਰ ਸੁਣਕੇ ਬਲਦੀ ਤੇ ਪਾਣੀ ਛਿੜਕਣ ਵਾਲੇ ਸਰੇਸ਼ਟ ਜਨ ਵੀ ਠਠੰਬਰ ਗਏ। ਕਿਸੇ ਦੀ ਵੀ



www.AKJ.Org

ਹਿੰਮਤ ਨ ਪਏ, ਰੋਕਣ ਦੀ, ਬਲਕਿ ਭਾਈ ਹੀਰਾ ਸਿੰਘ ਜੀ ਭੀ ਆਖਣ ਲਗੇ, ਹੁਣ ਇਨਾਂ ਨੂੰ ਕੋਈ ਨਹੀਂ ਰੋਕ ਸਕਦਾ। ਸਾਰਾ ਜੱਥਾ ਕੀਰਤਨ ਕਰਦਾ ਹੀ ਕਤਲ ਗੜ੍ਹ ਦੀ ਯਾਤਰਾ ਲਈ ਤੁਰ ਪਿਆ। ਹਜ਼ਾਰਾਂ ਹੀ ਸਿਖ ਸੰਗਤਾਂ ਮਗਰ ਲਗੀਆਂ ਤੇਈਆਂ ਸਾਡੀ ਸ਼ੇਰ ਦਿਲ ਬਚੀ ਬੀਬੀ ਜੋਗਿੰਦ੍ਰ ਕੌਰ ਹਥ ਵਿਚ ਤੀਰ ਲੈਕੇ ਸਭ ਜਥੇ ਦੀ ਅਗਵਾਈ ਕਰਦੀ ਸੀ। ਐਂਵੇਂ ਚਮਕਾਰੇ ਮਾਤਰ ਜੋ ਉਨ੍ਹਾਂ ਦੇ ਝਲਕਾਰੇ ਦਾ ਨਜ਼ਾਰਾ ਦੇਖਿਆ ਉਹ ਝਲਿਆ ਨਾ ਗਿਆ। ਗਲ ਕੀ, ਉਹ ਉਮ੍ਹੜੇ ਹੋਏ ਦਰਿਆ ਦੀ ਨਿਆਈਂ ਸਾਰੀਆਂ ਫੌਜਾਂ ਕੀਰਤਨ ਕਰਦੀਆਂ ਗੁਰਦੁਆਰੇ ਦੇ ਨਿਕਟ ਪਹੁੰਚੀਆਂ। ਏਥੇ ਹੋਰ ਭੀ ਹਜ਼ਾਰਾਂ ਸੰਗਤਾਂ ਨਾਲ ਰਲ ਗਈਆਂ। ਅਗੇ ਨਿਹੰਗ ਸਿੰਘਾਂ ਦੇ ਪਹਿਰੇ ਲਗੇ ਹੋਏ। ਲੰਮੇ ਲੰਮੇ ਤੀਰ ਤੇ ਨੰਗੀਆਂ ਸ੍ਰੀ ਸਾਹਿਬਾਂ ਉਨਾਂ ਦੇ ਹਥੀਂ ਫੜੀਆਂ ਹੋਈਆਂ, ਪਾਪੀਆਂ ਦੇ ਹਿਰਦੇ ਵਿਚ ਪਾਪ ਸਮਾ ਚੁਕੇ ਸਨ। ਫੋਕੀਆਂ ਟਾਹਰਾਂ ਹੀ ਮਾਰਦੇ ਸਨ ਕਿ ਅਸੀਂ ਅੰਦਰ ਯਾਤਰਾ ਕਰਨ ਨਹੀਂ ਜਾਣ ਦੇਣਾ। ਪਰ ਪ੍ਰੇਮ ਉਤਸ਼ਾਹ ਦੇ ਹੜ੍ਹਾਂ ਆਇਆਂ ਨੂੰ ਕੌਣ ਰੋਕੇ। ਵਾਜੇ ਨਾਲ ਕੀਰਤਨ ਹੋ ਰਿਹਾ ਸੀ। ਅਵਾਜ਼ ਆਈ, ਕੀਰਤਨ ਕਰਦੇ ਅੰਦਰ ਚਲੋ ਇਕ ਮਨਚਲੇ ਬੜੀ ਡੀਲ ਡੌਲ ਵਾਲੇ ਨਿਹੰਗ ਸਿੰਘ ਨੇ ਦਾਸ ਦੀ ਗਰਦਨ ਵਲ ਤੀਰ ਚਲਾਇਆ, ਗੁਰੂ ਦੀ ਨੇਤ ਐਸੀ ਹੋਈ ਕਿ ਉਹ ਤੀਰ ਨਹੀਂ ਲਗਿਆ, ਮੇਰੇ ਨਾਲ ਹੀ ਭਾਈ ਸੁਰਜਨ ਸਿੰਘ ਨੇ ਹਥ ਨਾਲ ਬੋਚ ਲਿਆ ਤੀਰ ਦੀ ਮੁਖੀ ਉਨਾਂ ਦੇ ਹਥ ਵਿਚ ਲਗ ਕੇ ਲਹੂ ਲੁਹਾਣ ਕਰ ਗਈ, ਆਮ ਦੇਖਣ ਵਾਲਿਆਂ ਨੂੰ ਇਹੋ ਪ੍ਰਤੀਤ ਹੋਇਆ ਕਿ ਖ਼ੂਨ ਹੋ ਗਿਆ ਹੈ। ਨਿਹੰਗ ਸਿੰਘ ਵੀ ਤਹਿਕ ਗਏ ਕਿ ਸਾਥੋਂ ਖ਼ੂਨ ਹੋ ਗਿਆ ਹੈ, ਖ਼ੂਨ ਹੋਇਆ ਨਹੀਂ ਸੀ, ਖ਼ੂਨ ਵਗਿਆ ਸੀ। ਇਸ ਨੌਬਤ ਨੂੰ ਦੇਖ ਕੇ ਬੀਬੀ ਜੋਗਿੰਦਰ ਕੌਰ ਸ਼ੇਰਨੀ ਵਾਂਗ ਕੁਦ ਕੇ ਅਗੇ ਗਈ ਤੇ ਉਸ ਰਿਸ਼ਟ ਪੁਸ਼ਟ ਨਿਹੰਗ ਸਿੰਘ ਤੋਂ ਤੀਰ ਖੋਹ ਲਿਆ ਵੰਗਾਰ ਕੇ ਆਖਿਆ "ਦੁਸ਼ਟਾ' ਤੇਨੂੰ ਗੁਰਦੁਆਰਾ ਸਾਹਿਬ ਦਾ ਭੈ ਨਹੀਂ ਸੰਗਤਾਂ ਦਾ ਭੈ ਨਹੀਂ ਜੋ ਵੀਰਾਂ ਤੇ ਤੀਰ ਚਲਾ ਰਹੇ ਹੋ। ਇਸ ਦਲੇਰ ਬਚੀ ਦੀ ਦਲੇਰਾਨਾ ਨਜ਼ੀਰ ਦੇਖ ਕੇ ਸਾਰੇ ਸਿੰਘ ਪੁਜਾਰੀਆਂ ਉਤੇ ਜਾ ਪਏ ਤੇ ਧਕੇ ਮਾਰ ਕੇ ਬਾਹਰ ਕਢ ਦਿਤਾ। ਅਸੀਂ ਕੀਰਤਨ ਕਰਦੇ ਕਰਦੇ ਅੰਦਰ ਪਹੁੰਚ ਗਏ। ਨਿਹੰਗ ਸਿੰਘ ਸਭ ਭਜ ਗਏ, ਉਨ੍ਹਾਂ ਦੇ ਸ਼ਸਤਰ ਬਸਤਰ ਜਥੇ ਦੇ ਕਾਬੂ ਵਿਚ ਰਹੇ। ਅਸੀਂ ਕੀਰਤਨ ਕਰਦਿਆਂ ਪ੍ਰਕਰਮਾ ਕੀਤੀ ਅੰਦਰੂਨੀ ਤੇ ਬਾਹਰਲੀ ਵੀ, ਸਮਾਗਮ ਦਾ ਸਮਾਂ ਹੋ ਗਿਆ ਸੀ। ਸਨਮੁਖ ਖਲੋ ਕੇ ਕੀਰਤਨ ਕਰਨ ਲਈ ਜੱਥਾ ਜੁਟ ਗਿਆ। ਬੀਬੀ ਜੋਗਿੰਦਰ ਕੌਰ ਜੀ ਨੇ ਪ੍ਰੇਮ ਪ੍ਰਾਇਣ ਹੋ ਕੇ ਬੜੀ ਸੂਰਬੀਰਤਾ ਨਾਲ ਬੇਨਤੀ ਕੀਤੀ ਕਿ ਅਜ ਸਾਰੀ ਚੌਪਈ ਦਾ ਕੀਰਤਨ ਕੀਤਾ ਜਾਵੇ। ਸਾਰੀ ਚੌਪਈ ਦਾ ਕੀਰਤਨ ਹੀ ਹੋਇਆ ਬੜੇ ਆਗਾਧ ਬੋਧ ਅਨੰਦ ਦੇ ਛਾਂਦੇ ਛਕੇ। ਮਗਨ ਅਨੰਦ ਹੋਕੇ ਸਾਰੇ ਜਥੇ ਨੇ ਉਥੇ ਹੀ ਕੀਰਤਨ ਕੀਤਾ ਉਪਰ ਪੁਜਾਰੀਆਂ ਨੇ ਤੇ ਨਿਹੰਗ ਸਿੰਘਾਂ ਨੇ ਭਾਜੜ ਖਾ ਕੇ ਰੋਪੜ ਅੰਬਾਲੇ ਆਦਿ ਵਡੇ ਅਫਸਰਾਂ ਨੂੰ ਤਾਰਾਂ ਦੇ ਦਿਤੀਆਂ ਕਿ ਇਥੇ ਡਾਕੂ ਆ ਪਏ ਹਨ, ਸਾਡੀ ਸੰਭਾਲ ਕਰੋ। ਇਹ ਸੁਣ ਕੇ ਅਸੀਂ ਤਾਰਾਂ ਦੀ ਕੋਈ ਪ੍ਰਵਾਹ ਨਾ ਕੀਤੀ ਬੜੀ ਪ੍ਰਸੰਨਤਾ ਨਾਲ ਪਹਿਲੀ ਯਾਤਰਾ ਅੰਦਰਲੀ ਪ੍ਰਕਰਮਾ ਦੀ



www.AKJ.Org

ਖ਼ੂਬ ਰੰਗਾਂ ਵਿਚ ਹੋਈ । ਪ੍ਰਬੰਧਕ ਜਨ ਬੜੇ ਕੰਪਾਇਮਾਨ ਹੋਏ । ਗੜ੍ਹ ਸਾਹਿਬ ਗੁਰਦੁਆਰੇ ਦੀ ਚਰਨ ਰਜ ਵਿਚ ਸ੍ਰੀ ਆਸਾ ਜੀ ਦੀ ਵਾਰ ਦਾ ਸਮਾਗਮ ਸਜ ਗਿਆ ਅੰਮ੍ਰਿਤ ਵੇਲੇ। ਜਿਸ ਵੇਲੇ ਕੀਰਤਨ ਦਾ ਭੋਗ ਅਜੇ ਪਿਆ ਹੀ ਨਹੀਂ ਸੀ ੧੧ ਵਜੇ ਦੇ ਕਰੀਬ ਸੰਗੀਨਾਂ ਬੰਦੂਕਾਂ ਵਾਲੀਆਂ ਪੁਲੀਸ ਦੀਆਂ ਗਾਰਦਾਂ ਰੋਪੜ ਤੋਂ ਆ ਚੜ੍ਹੀਆਂ, ਉਨ੍ਹਾਂ ਦਾ ਇਨਚਾਰਜ ਗੋਰਾ ਕੈਪਟਨ, ਇਕ ਇਨਸਪੈਕਟਰ ਮੁਸਲਮਾਨ, ਤੇ ਇਕ ਸਮਾਜੀ ਮੈਜਿਸਟ੍ਰੇਟ ਨਾਲ ਸਨ, ਸਮਾਗਮ ਦੇ ਲਾਗੇ ਸਕੂਲ ਵਿਚ ਜਾ ਉਤਰੇ । ਉਥੇ ਸੰਦੇਸ਼ਾ ਆਇਆ ਕਿ "ਸਾਹਬ" ਭਾਈ ਰਣਧੀਰ ਸਿੰਘ ਨੂੰ ਬੁਲਾਉਂਦੇ ਹਨ । ਸਾਡੇ ਮੁਖੋਂ ਨਿਕਲਿਆ, ਕੋਈ ਸੜ੍ਹਾ 'ਸਾਹਿਬ' ਹੈ ਨਹੀਂ ਸਵਾਏ ਗੁਰੂ ਗੋਬਿੰਦ ਜੀ ਦੇ । ਉਸ ਵੇਲੇ ਬੀਬੀ ਜੋਗਿੰਦ੍ਰ ਕੌਰ ਬੋਲੀ "ਇਨ੍ਹਾਂ ਕੱਚੇ ਪਿੱਲੇ ਸੜੇ ਸਾਹਿਬਾਂ ਪਾਸ ਸਿੰਘ ਨੂੰ ਜਾਣ ਦੀ ਕੋਈ ਲੋੜ ਨਹੀਂ ।" ਆਸਾ ਜੀ ਦੀ ਵਾਰ ਦਾ ਭੋਗ ਪਿਆ । ਇਸੇ ਸਮੇਂ ਚਮਕੌਰ ਸਾਹਿਬ ਦੇ ਕੰਮਜ਼ੋਰ ਦਿਲ ਰਈਸ ਤੇ ਚੌਧਰੀ ਸਕੂਲ ਜਾ ਹਾਜ਼ਰ ਹੋਏ । ਉਥੇ ਸਫਾਈ ਦਾ ਮੇਜਰਨਾਮਾਂ ਬਨਾਣ ਲਗੇ, ਉਨਾਂ ਮੇਜਰ ਨਾਮਾਂ ਬਣਾ ਲਿਆ ਸੀ । ਦਸਖਤ ਕਰਾਉਣ ਲਗੇ ਸਨ ਕਿ ਇਕ ਪਾਸਿਉਂ ਕੁਛ ਪ੍ਰਤਿਸ਼ਟ ਸਜਣ ਚਮਕੌਰ ਸਾਹਿਬ ਦੇ ਨਿਵਾਸੀ, ਤੇ ਬਹਲੋਲ ਪੁਰ ਵਾਲੇ ਸ੍ਰਦਾਰ, ਜਦ ਦਸਤਖਤ ਕਰਨ ਲਗੇ ਤਾਂ ਇਕ ਦਿਲ-ਚਕੇ ਸਿਖ ਵਕੀਲ ਨੇ ਵੰਗਾਰ ਕੇ ਸ੍ਰਕਾਰੀ ਅਫਸਰਾਂ ਨੂੰ ਆਖਿਆ ਇਨ੍ਹਾਂ ਦੇ ਦਸਖਤਾਂ ਨੂੰ ਕਿਸ ਨੇ ਪੁਛਣਾ ਹੈ ਝਗੜਾ ਤਾਂ ਬਾਹਰੋਂ ਆਈਆਂ ਸੰਗਤਾਂ ਦਾ ਹੈ । ਉਨ੍ਹਾਂ ਨੂੰ ਸਹਿਮਤ ਕੀਤੇ ਬਗੈਰ ਤੁਹਾਡਾ ਕੋਈ ਫੈਸਲਾ ਨਹੀਂ ਹੋ ਸਕਦਾ । ਦੀਵਾਨ ਦਾ ਭੋਗ ਪੈ ਚੁਕਾ ਸੀ, ਜਥੇ ਦੇ ਸਿੰਘਾਂ ਨੂੰ ਪਤਾ ਲਗ ਗਿਆ, ਇਹ ਸਮਝ ਕੇ ਕਿ ਕੋਈ ਕਚਾ ਪਿਲਾ ਫੈਸਲਾ ਨਾ ਕਰਾ ਦੇਣ । ਅਸੀਂ ਆਤਮਕ ਰੰਗਾਂ ਵਿਚ ਹੀ ਹਲੂਣੇ ਲੈਂਦੇ ਜਦ ਸਕੂਲ ਦੇ ਹਾਤੇ ਵਿਚ ਜਾ ਵੜੇ, ਜਾਂਦਿਆ ਹੀ ਜੈਕਾਰਾ ਗਜਾਇਆ ਤਾਂ ਗੋਰਾ ਤੇ ਸਣੇ ਅਫਸਰਾਂ ਦੇ ਸਭ ਖੜੇ ਹੋ ਗਏ, ਸਾਨੂੰ ਬੈਠਣ ਨੂੰ ਕੁਰਸੀਆਂ ਪੇਸ਼ ਕੀਤੀਆਂ ਗਈਆਂ ਉਧਰ ਨਜ਼ਰ ਮਾਰ ਕੇ ਅਸੀਂ ਦੇਖਿਆ ਨਿਹੰਗ ਸਿੰਘਾਂ ਦਾ ਜੱਥਾ ਬਣਿਆ ਤਣਿਆਂ ਭੁੰਜੇ ਬੈਠਾ ਹੁਲੇ । ਸਾਥੋਂ ਇਹ ਬੇਅਦਬੀ ਨਾ ਸਹਾਰੀ ਗਈ "ਕਿ ਬੜੇ ਸ਼ਰਮ ਦੀ ਗਲ ਹੈ ਕਿ ਗੁਰੂਘਰ ਦੀਆਂ ਲਾਡਲੀਆਂ ਫੌਜਾਂ ਤਾਂ ਭੁੰਜੇ ਰੁਲਣ ਤੇ ਅਸੀਂ ਕਿਸ ਮੂੰਹ ਨਾਲ ਕੁਰਸੀਆਂ ਤੇ ਬੈਠੀਏ । ਅਸੀਂ ਨਿਹੰਗ ਸਿੰਘਾਂ ਨੂੰ ਆਖਿਆ ਤੁਸੀਂ ਆਪਣੀ ਇਸ ਜ਼ਿਲਤ ਨੂੰ ਮਹਿਸੂਸ ਨਹੀਂ ਕਰਦੇ । ਕੀ ਤੁਸੀਂ ਸਾਡੇ ਨਾਲ ਫੈਸਲਾ ਨਹੀਂ ਕਰ ਸਕਦੇ ਸੋ । ਸਾਡੇ ਇਸ ਤਰਾਂ ਕਹਿਣ ਤੇ ਸਭਨਾਂ ਨੂੰ ਬੈਂਚਾਂ ਤੇ ਬਿਠਾ ਦਿਤਾ । ਗੋਰੇ ਕਪਤਾਨ ਨੇ ਬੜੀ ਹਲੀਮੀ ਨਾਲ ਦਾਸ ਨੂੰ ਆਖਿਆ, ਇਹ ਸਮਝੌਤੇ ਦਾ ਮੇਜਰਨਾਮਾ ਹੈ, ਇਸ ਉਤੇ ਦਸਖਤ ਕਰ ਦਿਓ ਅਸੀਂ ਆਖਿਆ ਪਹਿਲਾਂ ਪੜ੍ਹ ਕੇ ਸੁਣਾਓ । ਪੜ੍ਹ ਕੇ ਸੁਣਾਇਆ ਤਾਂ ਉਹਦੇ ਵਿਚ ਇਹ ਲਿਖਿਆ ਹੋਇਆ ਸੀ, ਇਲਕੇ ਦੀਆਂ ਤੇ ਬਾਹਰਲੀਆਂ ਸੰਗਤਾਂ ਸਭ ਹੋਲਾ ਮਹੱਲਾ ਕਢਣਗੀਆਂ ਤੇ ਯਾਤਰਾ ਕਰਨਗੀਆਂ ਪਰ ਗੁਰਦੁਆਰੇ ਕਤਲਗੜ੍ਹ ਦੀ ਬਾਹਰਲੀ ਯਾਤਰਾ ਹੀ ਖੁਲ੍ਹੀ ਹੋ ਸਕੇਗੀ, ਅੰਦਰਲੀ ਪ੍ਰਕਰਮਾਂ ਕਰਨ ਲਈ ਇਕ ਇਕ ਸਿੰਘ ਜਾਵੇਗਾ । ਪ੍ਰੰਤੂ ਜਿਸ ਸਿੰਘ ਤੇ ਇਹ ਸ਼ਕ ਕੀਤਾ ਜਾਵੇਗਾ ਕਿ



www.AKJ.Org

ਇਹ ਚੂਹੜਾ ਹੈ ਉਸਨੂੰ ਅੰਦਰ ਨਹੀਂ ਜਾਣ ਦਿਤਾ ਜਾਵੇਗਾ। ਇਹ ਸੁਣਨਸਾਰ ਹੀ ਉਹ ਮੇਜਰਨਾਮਾਂ ਉਸ ਦੇ ਹਥੋਂ ਖੋਹ ਕੇ ਮੈਂ ਪਾੜ ਸੁਟਿਆ ਤੇ ਪੈਰਾਂ ਹੇਠ ਮਲ ਦਿਤਾ। ਗੋਰਾ ਕਪਤਾਨ ਘਬਰਾ ਕੇ ਕਹਿਣ ਲਗਾ "ਯੇਹ ਕਿਆ ?" ਮੈਂ ਉਤਰ ਦਿਤਾ ਤੁਸੀਂ ਫ਼ਸਾਦ ਕਰਾਣ ਆਏ ਹੋ ਕਿ ਮਿਟਾਉਣ ਆਏ ਹੋ ? ਉਸਨੇ ਕਿਹਾ ਕਿ ਅਸੀਂ ਮਿਟਾਣ ਆਏ ਹਾਂ। ਅਸਾਂ ਉਸਨੂੰ ਯਕੀਨ ਦਿਵਾ ਦਿਤਾ ਕਿ ਪਿਛਲਾ ਫਿਕਰਾ ਤਾਂ ਫਸਾਦ ਦਾ ਘਰ ਹੈ, ਕਿਉਂਕਿ ਸ਼ਰਾਰਤੀ ਬੇ ਅਣਖੇ ਐਵੇਂ ਕਿਸੇ ਵਲ ਇਸ਼ਾਰਾ ਕਰਾ ਦੇਣਗੇ ਇਹ ਚੂਹੜਾ ਹੈ ਤਾਂ ਕੌਣ ਇਸ ਗਲ ਨੂੰ ਬਰਦਾਸ਼ਤ ਕਰੇਗਾ। ਅਸਲ ਅੰਤ੍ਰੀਵੀ ਸ਼ਰਾਰਤ ਤਾਂ ਤੁਹਾਨੂੰ ਪਤਾ ਹੀ ਨਹੀਂ। ਉਸ ਦੇ ਪੁਛਣ ਤੇ ਅਸੀਂ ਆਖਿਆ—"ਅਬ ਪਤਾ ਲਗ ਜਾਤਾ ਹੈ" ਉਸੇ ਗੋਰੇ ਕਪਤਾਨ ਨੂੰ ਆਖਿਆ ਮਲੂਮ ਹੁੰਦਾ ਹੈ ਕਿ ਤੂੰ ਬਿਲਕੁਲ ਨਵਾਂ ਅਫਸਰ ਹੈਂ। ਤੈਨੂੰ ਏਥੇ ਦੇ ਹਾਲਾਤ ਦਾ ਪਤਾ ਨਹੀਂ, ਤੇਰੇ ਮਾਤਹਿਤ ਅਫਸਰ ਹੀ ਫਸਾਦ ਕਰਵਾਕੇ ਤੇਰੇ ਸਿਰ ਮੜ ਦੇਣਗੇ। ਉਹ ਗੋਰਾ ਜੋਸ਼ ਵਿਚ ਕੁਝ ਬੋਲਣ ਲਗਾ ਸੀ। ਪਰ ਮੈਂ ਆਖਿਆ ਠਹਿਰੀਏ। ਸਮਾਜੀ ਮਜਿਸਟ੍ਰੇਟ ਨੂੰ ਮੈਂ ਪੁਛਿਆ, ਆਪਦਾ ਮਜ਼ਹਬ ਕੀ ਹੈ ? ਉਸਨੇ ਆਖਿਆ ਮੈਂ ਆਰੀਆ ਸਮਾਜੀ ਹਾਂ ਮੈਂ ਕਿਹਾ ਆਰੀਆ ਸਮਾਜੀ ਜੋ ਸ਼ੁਧੀ ਕਰਦੇ ਹਨ ਉਸ ਤੋਂ ਸ਼ੁਧ ਕੀਤੇ ਚੂਹੜੇ ਚਮਾਰ ਆਦਿਕ ਤੁਹਾਡੇ ਮੰਦਰਾਂ ਵਿਚ ਖੁਲੇ ਆ ਜਾ ਸਕਦੇ ਹਨ ਕਿ ਨਹੀਂ ? ਮਜਿਸਟ੍ਰੇਟ ਹਾਂ ਜੀ, ਖੁਲੇ ਆ ਜਾ ਸਕਦੇ ਹਨ। ਫੇਰ ਮੁਸਲਮਾਨ ਅਫਸਰ ਨੂੰ ਪੁਛਿਆ, ਤੁਹਾਡਾ ਮਜ਼ਹਬ ਕੀ ਹੈ ? ਇਨਸਪੈਕਟਰ—ਮੁਸਲਮਾਨ। ਮੈਂ--ਆਪ ਜਿਨ੍ਹਾਂ ਨੂੰ ਕਲਮਾਂ ਪੜ੍ਹਾਉਂਦੇ ਹੋ, ਉਥੇ ਆਪ ਚੂਹੜੇ ਚਮਾਰ ਦਾ ਵਿਤਕਰਾ ਰਖਦੇ ਹੋ ? ਤੇ ਚੂਹੜੇ ਚਮਾਰ ਕਲਮਾਂ ਪੜ ਕੇ ਮਸਜਦ ਵਿਚ ਜਾ ਸਕਦੇ ਹਨ ? ਇਨਸਪੈਕਟਰ—ਹਾਂ ਜਾ ਸਕਦੇ ਹਨ। ਗੋਰੇ ਨੂੰ ਪੁਛਿਆ ਤੁਹਾਡਾ ਮਜ਼੍ਹਬ ਕੀ ਹੈ ? ਗੋਰਾ "ਇਸਾਈ"। ਮੈਂ— ਤੁਸੀਂ ਜਦ ਬੈਪਟਾਈਜ਼ ਕਰਦੇ ਹੋ ਅਰਥਾਤ ਬਿਪਤਸਮਾ ਦਿੰਦੇ ਹੋ, ਕੀ ਤੁਸੀਂ, ਜ਼ਾਤਪਾਤ ਦਾ ਖਿਆਲ ਕਰਦੇ ਹੋ ? ਗੋਰਾ—ਨਹੀਂ। ਏਸੇ ਤਰਾਂ ਸਾਡਾ ਅੰਮ੍ਰਿਤ ਹਜ਼ਾਰ ਗੁਣਾਂ ਪਵਿਤ੍ਰ ਕਰਨ ਦੀ ਸ਼ਕਤੀ ਰਖਦਾ ਹੈ। ਗੋਰੇ ਕਪਤਾਨ ਦੀਆਂ ਅੱਖਾਂ ਖੁੱਲ ਗਈਆਂ। ਸਮਾਜੀ ਅਫਸਰ ਨੇ ਇਹ ਪਟੀ ਪੜ੍ਹਾਈ ਕਿ ਇਹ ਪੁਜਾਰੀਆਂ ਦੀ ਜਾਇਦਾਦ ਹੈ, ਇਸ ਵਿਚ ਕੋਈ ਦਖਲ ਨਹੀਂ ਦੇ ਸਕਦਾ; ਇਸ ਉਤੇ ਫੇਰ ਬਹਿਸ ਹੋਈ। ਮੈਂ ਫੇਰ ਪ੍ਰੋਟੈਸਟ ਕੀਤਾ। ਅਸੀ ਜਵਾਬ ਦਿਤਾ ਮਹੱਲਾ ਨਿਕਲੇਗਾ ਤੇ ਜਿਹੜਾ ਫ਼ਸਾਦ ਕਰੇਗਾ ਉਸਨੂੰ ਪਕੜੋ। ਜਦੋਂ ਸੰਗਤਾਂ ਨੂੰ ਇਹ ਗਲ ਦਸੀ ਤਾਂ ਕਮਜ਼ੋਰ ਪ੍ਰਬੰਧਕ ਤਾਂ ਕੰਬਣ ਲਗੇ ਪਰ ਸੰਗਤਾਂ ਵਿਚ ਬੜਾ ਜੋਸ਼ ਆਇਆ, ਓੜਕ ਮਾਸਟਰ ਚੰਦਾ ਸਿੰਘ ਦੇ ਫੈਸਲੇ ਅਨੁਸਾਰ ਗਿਆਰਾਂ ਸਜਣਾਂ ਦੀ ਚੋਣ ਹੋਈ। ਉਨਾਂ ਦਾ ਫੈਸਲਾ ਅਟਲ ਮੰਨਿਆ ਜਾਵੇ।। ਇਹ ਗੜੀ ਸਾਹਿਬ ਜਾਕੇ ਗੁਰਮਤਾ ਕਰਨ ਲਗੇ ਉਹਨਾਂ ਨੇ ਪ੍ਰਬੰਧਕਾਂ ਨਾਲ ਫੈਸਲਾ ਕੀਤਾ ਕਿ ਐਤਕੀ ਸਾਲ ਜਾਣ ਦਿਓ ਅਗਲੇ ਸਾਲ ਪ੍ਰਬੰਧ ਕਰਾਂਗੇ ਇਸ ਸਮੇਂ ਬਾਬੂ ਵੀਰ ਸਿੰਘ ਹੁਰਾਂ ਦਾ ਭਰਾਤਾ ਹੇਠੋਂ ਆਇਅ ਅਤੇ ਕਹਿਣ ਲਗਾ, ਤੁਸੀਂ ਨਿਘਰ ਦੀ ਕਲਾ ਵਿਚ ਕਿਉਂ ਜਾਂਦੇ ਹੋ। ਮੈਂ ਹੁਣੇ ਹੀ ਸਕੂਲੋਂ ਆਇਆ ਹਾਂ ਅਫਸਰ ਬਹੁਤ ਘਾਬਰੇ ਹੋਏ ਹਨ, ਉਨ੍ਹਾਂ ਨੇ



www.AKJ.Org

ਗੁਰਦੁਆਰੇ ਦੇ ਮੁਹਤਮਿਮ ਸਰਦਾਰ ਨੂੰ ਬੁਲਾ ਭੇਜਿਆ ਹੈ। ਅਸੀਂ ਪਲੀਡਰ ਸਾਹਿਬ ਨੂੰ ਆਖਿਆ ਕਿ ਉਸ ਸਰਦਾਰ ਨੂੰ ਪਹਿਲਾਂ ਸਾਡੇ ਪਾਸ ਲਿਆ, ਉਹਨਾਂ ਨੇ ਸਰਦਾਰ ਨੂੰ ਸਹੀ ਬਿਆਨ ਦੇਣ ਲਈ ਪ੍ਰੇਰਨਾ ਕੀਤੀ, ਉਹ ਸਰਦਾਰ 'ਸਾਹਿਬ' ਪਾਸ ਗਿਆ ਤਾਂ 'ਸਾਹਿਬ' ਨੇ ਪੁਛਿਆ ਕਿ ਗੁਰਦੁਆਰਾ ਕਿਸਕਾ ਹੈ ? ਸਰਦਾਰ–ਪੰਥ ਕਾ। ਸਾਹਿਬ– ਆਪ ਕੌਣ ਹੋ ? ਮੈ ਪੰਥ ਕਾ ਸੇਵਾਦਾਰ ਹੂੰ। ਗੋਰਾ–ਯੇ ਪੁਜਾਰੀ ਕੌਣ ਹੈ ? ਸਰਦਾਰ--ਇਹ ਮੇਰੇ ਨੌਕਰ ਹਨ। ਫੈਸਲਾ ਸੰਗਤ ਦੇ ਹਕ ਵਿਚ ਹੋ ਗਿਆ, ਗੋਰਾ ਭੀ ਹੋਲੇ ਮਹੱਲੇ ਵਿਚ ਵਿਚ ਸ਼ਾਮਲ ਹੋਇਆ ਬੜੀ ਸਜ ਧਜ ਨਾਲ ਮਹੱਲਾ ਨਿਕਲਿਆ। ਇਹ ਗੁਰਦੁਆਰਿਆਂ ਉਤੇ ਪਹਿਲੀ ਪੰਥਕ ਕਬਜੇ ਦੀ ਫਤਹ ਸੀ ਤੇ ਗੁਰਦੁਆਰਾ ਸੁਧਾਰ ਲਹਿਰ ਦੀ ਪਹਿਲੀ ਘਟਨਾ ਸੀ।

—.o:—

Statement about ownership and other particulars about newspaper **'SURA'** *to be published In the first issue every year after last day of February.*

FORM IV
(See Rule (8)

| | | |
|---|---|---|
| 1. | Place of publication | Patiala |
| 2. | Periodicity of its publication | Monthly |
| 3. | Printer's Name | Manohar Singh |
| | Nationality | Indian |
| | Address | H/No. 594/3, Khalsa Mohalla, Patiala |
| 4. | Publisher's Name | Manohar Singh |
| | Nationality | Indian |
| | Address | H/No. 594/3, Khalsa Mohalla, Patiala |
| 5. | Editor's Name | Manohar Singh |
| | Nationality | Indian |
| | Address | H/No. 594/3 Khalsa Mohalla, Patiala |
| 6. | Names and addresses of individuals who own the newspaper and partners or share holders holding more than one per cent of the total Capital. | for Akhand Keertani Jatha Patiala. |

I Manohar Singh, hereby declare that the particulars given above are true to the best of my knowledge and belief.

*Date* 5th March 1967. *Signature of Publisher* Manohar Singh



www.AKJ.Org

# ਕੀ ਪੰਥ ਲਈ ਗ੍ਰੰਥ ਦੀ ਤਾਬਿਆ ਜ਼ਰੂਰੀ ਹੈ ?

(ਗਿਆਨੀ ਗੁਰਦਿਤ ਸਿੰਘ ਜੀ, ਸੰਪਾਦਕ 'ਪ੍ਰਕਾਸ਼' ਚੰਡੀਗੜ੍ਹ)

ਇਹ ਸਵਾਲ ਪੈਦਾ ਹੋ ਸਕਦਾ ਤੇ ਹੁੰਦਾ ਰਿਹਾ ਹੈ ਕਿ, ਕੀ ਪੰਥ ਦਾ ਗ੍ਰੰਥ ਦੀ ਤਾਬਿਆ ਹੋਣਾ ਜ਼ਰੂਰੀ ਹੈ ? ਪੰਥ ਸੁਤੰਤਰ ਕਿਉਂ ਨਹੀਂ ਹੋ ਸਕਦਾ ? ਇਸ ਦਾ ਇਕ ਤਾਂ ਇਤਿਹਾਸਿਕ ਪਹਿਲੂ ਹੈ, ਜਿਸ ਉਤੇ ਸਿਵਾਏ ਕੁਝ ਕੁ ਵਾਧੂ ਕਿਸਮ ਦੇ ਹੁਜਤੀਆਂ ਤੋਂ ਕਿਸੇ ਨੂੰ ਕਿੰਤੂ ਨਹੀਂ ।

ਦੂਜਾ ਦਲੀਲਾਂ ਦਾ ਮਸਲਾ ਹੈ, ਜਿਸ ਦੇ ਸਭਨਾਂ ਪਹਿਲੂਆਂ ਉਤੇ ਵਿਚਾਰਾਂ ਹੋਣੀਆਂ ਜ਼ਰੂਰੀ ਹਨ । ਪੰਥ ਦਾ ਗ੍ਰੰਥ ਦੀ ਤਾਬਿਆ ਹੋਣ ਦੇ ਅਰਥ ਹਨ, ਕਿਸੇ ਇਕ ਸਿਧਾਂਤ ਦੇ ਧਾਰਨੀਆਂ ਦੀ ਸੰਸਥਾ ਤੇ ਜਥੇਬੰਦੀ ਦਾ 'ਇਕਾ' ਬਾਣੀ ਇਕ ਗੁਰੁ ਇਕੋ ਸ਼ਬਦ ਵੀਚਾਰਿ ਵਾਲੇ ਇਕ ਅਮਲ ਦਾ ਹੋਂਦ ਸਿਧਾਤਾਂ ਦੀ ਵਿਆਖਿਆ ਵੱਧ ਤੋਂ ਵੱਧ ਕੁਝ ਕੁ ਭਿੰਨ ਭਿੰਨ ਤਰੀਕੇ ਨਾਲ ਕੀਤੀ ਜਾ ਸਕਦੀ ਹੈ, ਪਰ ਉਹ ਭੇਦ ਮੂਲ ਰੂਪ ਵਿਚ ਬਹੁਤੀ ਦੂਰੀ ਨਹੀਂ ਪੈਦਾ ਕਰ ਸਕਦੇ । ਪਰ ਜੇ ਪੰਥ ਲਈ ਕੋਈ ਕੁ ਧੁਰਵਾ ਨਾ ਹੋਵੇ, ਤਾਂ 'ਪੰ ' ਅਨੇਕਾਂ ਰੂਪਾਂ ਵਿਚ ਵੰਡੀਜੁ ਕੇ ਖਿੰਡ ਪੁੰਡ ਜਾਂਦਾ ਹੈ, ਇਸ ਕਰਕੇ ਇਕ ਸੰਗਠਨ ਲਈ ਵੀ ਪੰਥ ਦਾ ਗ੍ਰੰਥ ਦੀ ਤਾਬਿਆ ਹੋਣਾ ਜ਼ਰੂਰੀ ਹੈ, ਤਾਂ ਕਿ ਸੰਗਠਨ ਵੀ ਇਕ ਰਹੇ ਤੇ ਉਸ ਦੀ ਸੇਵਾ ਵੀ ਇਕ ਸੇਧ ਵਾਲੀ ਹੋਵੇ । ਗ੍ਰੰਥ ਵਿਚ ਦਰਸਾਏ ਕਿਸੇ ਸਿਧਾਤਾਂ ਤੇ ਆਦਰਸ਼ਾਂ ਦੀ ਕਿਸੇ ਗਰਜ ਨਾਲ ਤਬਦੀਲੀ ਨਹੀਂ ਕੀਤੀ ਜਾ ਸਕਦੀ । ਇਸ ਤਰ੍ਹਾਂ ਦੀ ਤਬਦੀਲੀ ਦੀ ਗੱਲ ਗ੍ਰੰਥ ਦੀ ਸਿਰਜਨਾਂ ਵੇਲੇ ਤੋਂ ਵੱਡੇ ਵੱਡੇ ਸਾਕੇ ਵਰਤਾ ਕੇ ਵੀ ਤੋੜ ਨਹੀਂ ਚੜ੍ਹ ਸਕੀ ਸੀ । (ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਨਾਂ ਵਿਚ ਇਕ ਇਹ ਵੀ ਸੀ ।) ਇਹ ਇਕ ਮੁਸਤਨਦ ਜੁਗੋ ਜੁਗ ਅੱਟਲ ਵਸਤੂ ਹੈ ।

'ਦਲੀਲ ਬਾਜ' ਆਖ ਸਕਦੇ ਹਨ ਕਿ ਇਸ ਤਰਾਂ ਦਾ ਧਰਮ ਬੇਲਚਕ ਹੋ ਜਾਵੇਗਾ ? ਉਨ੍ਹਾਂ ਪ੍ਰਤੀ ਉਤਰ ਹੈ ਕਿ ਕਿਸੇ ਵੀ ਧਰਮ ਦੀਆਂ ਮੂਲ ਸਚਾਈਆਂ ਕਦੇ ਬਦਲੀਆਂ ਨਹੀਂ ਹੁੰਦੀਆਂ, ਉਂਝ ਉਹ ਖੁਦ ਹੀ ਇਤਨੀਆਂ ਲਚਕਦਾਰ ਵੀ ਹੁੰਦੀਆਂ ਹਨ, ਕਿ ਜ਼ਮਾਨੇ ਨੂੰ



www.AKJ.Org

ਆਪਣੇ ਵੱਲ ਫੇਰ ਕੇ ਟਾਲ ਸਕਣ, ਧਰਮ ਲੋਕਾਂ ਦੀ ਭਲਾਈ ਅਤੇ ਵੱਧ ਤੋਂ ਵੱਧ ਆਤਮਕ ਸੁੱਖ ਦੇਣ ਲਈ ਉਪਜਦਾ ਹੈ, ਤਾਂ ਕਿ ਲੋਕਾਂ ਨੂੰ ਤ੍ਰਾਹਣ ਲਈ। ਉਂਝ ਸ਼ਰਾ ਦੇ ਪੱਖੋਂ ਦੇਖੀਏ ਤਾਂ ਅਜੇਹੀਆਂ ਗੱਲਾਂ ਦਾ ਗੁਰੂ ਗ੍ਰੰਥ ਸਾਹਿਬ ਵਿਚਕੋਈ ਵਰਨਣ ਨਹੀਂ, ਪਰੰਤੂ ਰਹਿਤ-ਨਾਮਿਆਂ ਅਤੇ ਇਤਿਹਾਸ ਤੇ ਰਵਾਇਤਾਂ ਤੋਂ ਪਰੇ ਜਾ ਕੇ, ਸਿਖਾਂ ਤੇ ਸਿੰਘ ਬਣਨ ਪਿਛੋਂ ਉਨ੍ਹਾਂ ਨੂੰ ਪ੍ਰਤੱਗਿਆ ਤੋਂ ਥਲੇ ਡੇਗਣਾ ਸਧਾਰਨ ਮਨੁੱਖੀ ਧਰਮ ਦਾ ਵੀ ਘਾਤ ਕਰਨ ਦਾ ਕਰਮ ਹੈ

ਯਾਦ ਰੱਖਣਾ ਚਾਹੀਦਾ ਹੈ ਕਿ ਅੰਮ੍ਰਿਤ ਛਕਾਉਣ ਵੇਲੇ ਇਕ ਸਿਖਿਆ ਅਤੇ ਪ੍ਰਤਿਗਿਆ ਰਾਹੀਂ ਸਿੰਘ ਸਜਣ ਵਾਲਾ ਤਨ ਮਨ ਧਨ, ਗੁਰੂ ਅਰਪਨ ਕਰ ਦੇਣ ਦਾ ਬਚਨ ਦਿੰਦਾ ਹੈ। †ਸਾਰੇ ਸੰਬੰਧੀਆਂ ਨਾਲੋਂ ਰਿਸ਼ਤੇ ਤੋੜਕੇ, ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਕੌਰ ਜੀ ਦਾ ਸਪੁਤਰ ਬਣ ਕੇ 'ਅਨੰਦਪੁਰੀ' ਬਣਦਾ ਹੈ। ਪਹਿਲੀਆਂ ਅਵੱਸਥਾਂ, ਸਹਿਜਧਾਰੀ ਅਤੇ ਸਿੱਖੀ ਦੇ ਗੁਣ ਧਾਰਨ ਵਾਲੀਆਂ ਮੰਜ਼ਲਾਂ ਉਤੇ ਅਜੇਹਾ ਨਹੀਂ ਹੁੰਦਾ ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਅੰਮ੍ਰਿਤ ਪ੍ਰਚਾਰ ਨੂੰ ਸਿੱਖੀ ਦਾ ਵਧੇਰੇ ਪ੍ਰਚਾਰ ਸਮਝਣ ਵਾਲੇ ਪ੍ਰਚਾਰਕ ਜੱਥੇ ਸਮਝ ਸੂਝ ਤੋਂ ਤੋਂ ਕੰਮ ਲਿਆ ਕਰਨ। ਅੰਮ੍ਰਿਤ ਉਤੇ ਕੇਵਲ ਜੀਅ ਦਾਨੀਆਂ ਦਾ ਅਧਿਕਾਰ ਹੈ, ਜਣੇ ਖਣੇ ਦਾ ਨਹੀਂ। ਜੀਅਦਾਨੀ ਅੰਮ੍ਰਿਤ ਦੇ ਸਕਦੇ ਹਨ (ਜੀਅਦਾਨ ਤੇ ਭਗਤੀ ਲਾਇਨ) ਤੇ ਜੀਵਨ ਦਾਨ ਦੇਣ ਵਾਲੇ ਹੀ ਲੈ ਸਕਦੇ ਹਨ ਅਣ-ਅਧਿਕਾਰੀਆਂ ਨੂੰ ਅੰਮ੍ਰਿਤ ਛਕਾਉਣਾ ਉਂਝ ਹੀ 'ਅੰਮ੍ਰਿਤ' ਨੂੰ ਡੋਲਦੇ ਫਿਰਨਾ ਇਸ ਤਰਾਂ ਅੰਮ੍ਰਿਤ ਕੱਲਰ 'ਚ ਬੀਜ ਸੁਟਣ ਵਾਂਗ ਹੈ। ਅੰਮ੍ਰਿਤ ਤਾਂ ਨਾਮ ਸਿੰਚਾਰਨ ਦੀ ਵਿਧੀ ਹੈ ਨਾ ਕਿ ਮਿਠਾਪ ਨਿਰੀ। ਕਿਉਂਕਿ ਸਿੱਖੀ ਪ੍ਰਚਾਰ ਦੇ ਹੋਰ ਸਾਧਨ ਅਤੇ ਵਸੀਲੇ; ਗੁਣ-ਕਰਮ ਚਰਿਤ੍ਰ ਉਸਾਰੀ ਦੇ ਅਸੀਂ ਆਪਣੇ ਵਿਚ ਰੱਖ ਨਹੀਂ ਸਕੇ, ਕੇਵਲ ਅੰਮ੍ਰਿਤ ਦੀ ਮਹਾਨ ਰਸਮ ਨੂੰ ਹੀ ਪ੍ਰਚਾਰ ਦਾ ਚਿੰਨ, ਬਣਾ ਲਿਆ ਹੈ। ਯੂ. ਪੀ. ਦਖਣ ਵਿਚ ਜਿਤਨੇ ਅੰਮ੍ਰਿਤ ਛਕਾ ਕੇ ਸਿੰਘ ਸਜਾਏ ਗਏ ਸੀ, ਉਹ ਹਫਤਾ ਭਰ ਵੀ ਨਾ ਕੱਟ ਸਕੇ। ਜਦੋਂ ਇਹੋ ਜਿਹੀਆਂ ਮਹਾਨ ਵਸਤੂਆਂ ਏਨੇ ਸਸਤੇ ਭਾਉ ਤੇ ਕੇਵਲ ਰਸਮੀ ਗੱਲਾਂ ਬਣ ਜਾਣ, ਉਦੋਂ ਇਹ ਕਰਮ, ਕਿਸੇ ਵੀ ਧਰਮ ਦੇ ਪਤਨ ਦੇ ਪ੍ਰਬਲ ਪ੍ਰਮਾਣ ਹੁੰਦੇ ਹਨ। ਕੀ ਸਿੱਖੀ ਅਜੇਹੀ ਸਟੇਜ ਉਤੇ ਨਹੀਂ ਪਹੁੰਚ ਚੁੱਕੀ?

ਦੀਖਿਆ ਪਰਾਪਤ ਕਰਨ ਵੇਲੇ, ਹਰ ਸਿੰਘ ਨੂੰ ਗੁਰੂ ਗ੍ਰੰਥ ਤੇ ਪੰਥ ਦੀ ਪ੍ਰਭੂ-ਸਤਾ ਵੀ ਦ੍ਰਿੜ ਕਰਾਈ ਜਾਂਦੀ ਹੈ, ਸਿੰਘ ਸਜਣ ਵਾਲੇ ਪ੍ਰਾਣੀ ਨੇ ਅੱਜ ਤੋਂ ਆਗਿਆ ਗ੍ਰੰਥ ਜੀ ਕੀ ਮੰਨਣੀ ਹੈ।

ਗੁਰੂ ਗ੍ਰੰਥ ਜੀ ਕੀ ਆਗਿਆ ਦੇ ਅਰਥ ਹਨ, ਗੁਰੂ ਗ੍ਰੰਥ ਜੀ ਦੇ ਵਿਚਾਰਾਂ ਦੇ ਪ੍ਰਾਇਣ ਹੋ ਕੇ ਰਹਿਣਾ ਅਤੇ ਉਨ੍ਹਾਂ ਦੇ ਦਸੇ ਸਿਧਾਂਤਾਂ ਅਨੁਸਾਰ ਜੀਵਨ ਢਾਲਣਾ।

ਗੁਰਕੀ ਪਾਹੁਲੁ ਸਿਖ ਲੇਇ ਰਹਿਤ ਕਮਾਵ ਗ੍ਰੰਥ॥
ਜਿਸ ਬੇੜਿ ਚੜ੍ਹ ਸੇਵ ਸੋ ਭਰਮੇ ਅਪਰ ਨਾ ਪੰਥ।
(ਗੁ: ਪ੍ਰਤਾਪ ਸੂਰਜ ਰਾਸ ੩ ਅਧਿਆਯ ੫੦)

'ਖਾਲਸਾ ਜੋ ਕੀਆ ਹੈ ਸੋ ਗੁਰਮਤ ਕਮਾਵਨੇ ਕਉ ਕੀਆ ਹੈ। ਇਸ ਪ੍ਰਾਣੀ ਕੋ ਇਹੀ ਚਾਹੀਐ ਜੋ ਕੁਝ ਗੁਰੂ ਫੁਰਮਾਇਆ ਹੈ ਸੋ ਉਸ ਕਉਂ ਆਪਨੈ ਮਨ ਬਿਖੇ ਪਿਆਰ ਰਾਖੇ।

(ਪ੍ਰੇਮ ਸੁਮਾਰਗ)

†ਖਾਲਸਾ ਸੋ ਜਿਨ ਤਨ ਮਨ ਧਨ ਅਕਾਲ ਪੁਰਖ ਨੂੰ ਸੌਂਪਿਆ। (ਰਹਿਤਨਾਮਾ ਭਾ: ਦਯਾ ਸਿੰਘ)



www.AKJ.Org

ਸਿਖਾਂ ਵਿਚ ਪਿਛਲੇ ਤੀਹ ਚਾਲੀ ਸਾਲ ਦੇ ਸਮੇਂ ਵਿਚ ਦੋ ਤਿੰਨ ਵਾਰ ਅਜੇਹੇ ਵਿਚਾਰ ਵੀ ਚਲ ਚੁਕੇ ਹਨ, ਕਿ ਪੰਥ ਹੀ ਮੁਖ ਚੀਜ਼ ਹੈ, ਗ੍ਰੰਥ ਤਾਂ ਕੇਵਲ ਇਸ਼ਟ ਰੂਪ ਪੁਸਤਕ ਵਾਂਗ ਹੈ, ਪੰਥ ਨੂੰ ਅਜ਼ਾਦ ਤੌਰ ਤੇ ਹੀ ਸਾਰੇ ਫੈਸਲੇ ਕਰਨ ਦਾ ਅਧਿਕਾਰ ਹੈ। ਇਹਨਾਂ ਵਿਚਾਰਾਂ ਦੇ ਸ਼ੋਲ ਪ੍ਰੇਰਕ, ਸ੍ਰੀ ਮਾਨ ਪੰਥ ਰਤਨ ਗਿਆਨੀ ਸ਼ੇਰ ਸਿੰਘ ਜੀ ਸਨ, ਜੋ ਪੰਥ ਦੇ ਅਧਿਕਾਰ ਵਧੇਰੇ ਮੰਨਦੇ ਸਨ, ਪਰ ਉਹ ਪੰਥ ਨੂੰ ਗ੍ਰੰਥ ਦੀ ਤਾਬਿਆ ਬੈਠ ਕੇ ਅਜੇਹਾ ਕਰਨ ਦੇ ਅਧਿਕਾਰ ਰੱਖਣ ਦੀ ਰਾਇ ਅਤੇ ਵਿਚਾਰਾਂ ਦੇ ਪ੍ਰਚਾਰਕ ਵੀ ਸਨ। ਅਸੀਂ ਉਹਨਾਂ ਦੇ ਅਜੇਹੇ ਵਿਚਾਰ ਸੁਣੇ ਪੜੇ ਹਨ।

ਉਹਨਾਂ ਨਾਲੋਂ ਅਗੇ ਵਧਕੇ ਏਸੇ ਗੱਲ ਨੂੰ ਅਕਾਲੀ ਪਾਰਟੀ ਦੇ ਮੁਖੀ ਪ੍ਰਚਾਰਕ ਪ੍ਰੋ: ਗੰਗਾ ਸਿੰਘ ਜੀ 'ਲਾਸਾਨੀ ਫਿਲਾਸਫਰ' ਨੇ ਨੇ ਪ੍ਰਚਾਰਨਾ ਅਰੰਭਿਆ ਸੀ ਕਿ ਪੰਥ ਹੀ ਸਭੋ ਕੁਝ ਹੈ, ਗ੍ਰੰਥ ਕੇਵਲ 'ਚਿੰਨ ਮਾਤਰ' ਪੁਸਤਕ ਹੈ, ਉਨ੍ਹਾਂ ਨੇ ਆਪਣੀਆਂ ਕਲਪਨਾਂ ਨੂੰ ਠੀਕ ਦਰਸਾਉਣ ਲਈ ਗ੍ਰੰਥ ਦੀ ਗੁਰਤਾ ਤੋਂ ਵੀ ਇਨਕਾਰ ਕਰ ਦਿੱਤਾ ਸੀ।

ਦੋਵੇਂ ਸੱਜਣ ਬੁਧੀਮਾਨ ਤੇ ਸਿਆਣੇ ਸਨ, ਗਿਆਨੀ ਸ਼ੇਰ ਸਿੰਘ ਜੀ ਅਸਲ ਅਰਥਾਂ ਵਿਚ ਸਿਧਾਂਤਕ ਵਿਚਾਰਾਂ ਵਾਲੇ ਖੋਜੀ, ਵਿਦਵਾਨ, ਦਲੀਲ ਬਾਜ਼ ਤੇ ਨਰੋਏ ਮੰਤਕੀ ਸਨ, ਤੇ ਪ੍ਰੋ: ਗੰਗਾ ਸਿੰਘ ਜੀ ਸਮੇਂ ਸਿਰ ਔੜਦੀ ਹੌਣ ਕਾਰਨ, ਸਿਆਣੇ ਪ੍ਰਚਾਰਕ। ਦੋਵੇਂ ਸੱਜਣ ਅਕਾਲੀ ਮੁਖੀਆਂ ਵਿਚੋਂ ਸਨ, ਜਿਨ੍ਹਾਂ ਦਾ ਅਕਾਲੀ ਪਾਰਟੀ ਉਤੇ ਗੂੜ੍ਹਾ ਪ੍ਰਭਾਵ ਸੀ, ਇਸ ਕਰਕੇ ਬਹੁਤੇ ਅਕਾਲੀ ਮੁਖੀਆਂ ਦੇ ਝੁਕਾਉ ਵੀ ਏਸੇ ਤਰ੍ਹਾਂ ਦੇ ਹਨ। ਪਰੰਤੂ ਅਸੀਂ ਇਸ ਮਸਲੇ ਵਿਚ ਦੋਵੇਂ ਵਿਚਾਰਵਾਨਾਂ ਨਾਲ ਸਮਿਤੀ ਨਹੀਂ ਪ੍ਰਗਟ ਕਰ ਸਕਦੇ।

ਜਿਥੋਂ ਤਕ ਇਤਿਹਾਸਕ ਗੱਲ ਹੈ, ਇਹ ਪ੍ਰਗਟ ਹੀ ਹੈ ਕਿ, ਸ੍ਰੀ ਦਸ਼ਮੇਸ਼ ਜੀ ਨੇ ਸ੍ਰੀ ਗੁਰੂ ਗ੍ਰੰਥ ਜੀ ਅਗੇ ਪੰਥ ਨੂੰ ਉਸ ਦੀ ਤਾਬਿਆ ਗੁਰਤਾ ਦਿੱਤੀ ਸੀ।* ਪਰੰਤੂ ਇਸ ਦਾ ਇਕ ਸਿਧਾਂਤਕ

---

*ਦੋਇ ਪਹਿਰ ਰੈਨ ਗਈ ਤਿਆਰੀ ਬਜਾਈ। ਸਿਖਾਂ ਹਥ ਜੋੜ ਬੇਨਤੀ ਕਰ ਪੁਛਾਈ।
ਗਰੀਬ ਨਿਵਾਜ ਸਿਖ ਸੰਗਤ ਤੇਰੀ ਹੈ ਇਸ ਦਾ ਕੀ ਹਾਲ।
ਬਚਨ ਕੀਤਾ ਗ੍ਰੰਥ ਗੁਰੂ ਲੜ ਪਕੜੋ ਅਕਾਲ।

ਗੁਰੂ ਹੈ ਖਾਲਸਾ ਅਤੇ ਖਾਲਸਾ ਹੈ ਗੁਰੂ। ਗੋਦੀ ਸਿਰੀ ਸਾਹਿਬ ਕੌਰਾਂ ਦੀ ਭਜਨ ਕਰਨਾ ਸ਼ੁਰੂ।
ਆਪਸ ਵਿਚ ਕਰਨਾ ਪਿਆਰ ਗ੍ਰੰਥ ਦੇ ਵਾਧੇ ਨੂੰ ਲੋਚਣਾ।
ਆਗਿਆ ਗ੍ਰੰਥ ਸਾਹਿਬ ਜੀ, ਕਰਨੀ ਸਬਦ ਦੀ ਖੋਜਣਾ ॥ ੬੫੧ ॥

ਸ੍ਰੀ ਗੁਰੂ ਗ੍ਰੰਥ ਨੂੰ ਗੁਰਤਾ ਦੇਣ ਬਾਰੇ ਇਕ ਹੋਰ ਲਿਖਤ ਵਿਚ ਪਾਠ ਹੈ:-
ਦਿਵਸ਼ ਪੰਚਮੀ ਕੇ ਬਿਖੇ ਸਤਗੁਰ ਧਰਮ ਸੰਕੇਤ। ਨਾਂਵੀ ਪਾਤਸ਼ਾਹੀ ਭਲੇ ਬਧੀ ਧਰਮ ਕੀ ਸੇਤ।
ਤਾਂ ਦਿਨ ਮੈਂ ਬਿਧਿ ਪੰਚਮੀ ਸੋਊ ਭਈ ਹੈ ਆਜ। ਕਰੇ ਕਾਜ ਤੁਮ ਹੀ ਭਲੇ ਹਮ ਅਸਵਾਰੇ ਸਾਜ।

[ਬਾਕੀ ਸਫਾ ੧੫ ਦੇ ਹੇਠਾਂ] (੧੭੩ ਪੰਨਾ)



www.AKJ.Org

ਪਹਿਲੂ ਵੀ ਹੈ ਜੋ ਬੁਧ ਧਰਮ ਦੀ ਇਕ ਘੱਟਨਾ ਜਾਣ ਕੇ ਵਧੇਰੇ ਸਪੱਸ਼ਟ ਹੋ ਸਕਦਾ ਹੈ।

ਮਹਾਤਮਾ ਬੁਧ ਜੀ ਸਾਡੇ ਭਾਰਤ ਵਰਸ਼ ਵਿਚ ਇਕ ਮਹਾਨ ਸਿਆਣੇ ਤੇ ਉਤਮ ਵਿਚਾਰਾਂ ਵਾਲੇ ਮਹਾਨ ਪੁਰਖ ਹੋ ਗੁਜ਼ਰੇ ਹਨ, ਜਿਨ੍ਹਾਂ ਦਾ ਨਾਮ ਇਸ ਵੇਲੇ ਅੱਧੀ ਦੁਨੀਆਂ ਜਪਦੀ ਹੈ ਉਨ੍ਹਾਂ ਨੇ ਆਪਣਾ ਪੰਥ (ਸੰਘ) ਚਲਾਇਆ ਸੀ. ਜਿਸ ਨੂੰ 'ਬੋਧ ਸੰਘ' ਕਿਹਾ ਜਾਂਦਾ ਹੈ। ਬੁਧ ਜੀ ਨੇ ਆਪਣੇ ਬਚਨਾਂ ਤੇ ਸਿਖਿਆ ਦਾ ਕੋਈ 'ਗ੍ਰੰਥ' ਨਹੀਂ ਸੀ ਬਣਾਇਆ। ਉਹਨਾਂ ਦੇ ਗੁਜ਼ਰਨ ਪਿਛੋਂ 'ਅਘਾਤ ਸ਼ਤਰੂ' ਮਗਧ ਦੇ ਰਾਜੇ ਦੇ ਉਦਮ ਨਾਲ ਉਸ ਵੇਲੇ ਦੀ ਮਗਧ ਦੀ ਰਾਜਧਾਨੀ, ਰਾਜ ਗ੍ਰਿਹਿ ਵਿਚ, ਜੋ ਪਟਨੇ ਤੋਂ ੬੦ ਮੀਲ ਦੂਰ ਹੈ, ਬੋਧਾਂ ਦੀ ਪਹਿਲੀ ਸੰਗਤ (ਇਕੱਤਰਤਾ) ਸਦ ਕੇ ਜਿਸ ਕਿਸੇ ਨੂੰ ਬੁਧ ਜੀ ਦੇ ਬਚਨ ਯਾਦ ਸਨ, ਸਭ ਇਕੱਤਰ ਕਰ ਕੇ ਲਿਖਾਏ ਗਏ ਤੇ ਉਹਨਾਂ ਨੂੰ ਤਿੰਨਾਂ ਭਾਗਾਂ ਵਿਚ ਵੰਡ ਕੇ, ਤਿੰਨਾਂ ਪਟਾਰੀਆਂ ਜਾਂ ਪੇਟੀਆਂ ਵਿਚ ਪ ਇਆ ਗਿਆ, ਜਿਸ ਤੋਂ ਉਹਨਾਂ ਦਾ ਨਾਮ ਤ੍ਰਿਪਿਟਕਾਂ ਪਿਆ। ਬੁਧ ਜੀ ਦਾ ਇਕ ਬਚਨ ਪ੍ਰਸਿਧ ਹੈ ਕਿ. 'ਭਿਖਸ਼ੂਓ' ਸੰਘ ਨੂੰ ਸਾਰੇ ਫੈਸਲੇ ਆਪ ਕਰਨ ਦੇ ਅਧਿਕਾਰ ਹਨ, ਬਿਨਾ ਇਹ ਗਲ ਸੋਚੇ ਵਿਚਾਰੇ ਦੇ ਕਿ 'ਤਥਾਗਤ' (ਜਾਣੀ ਬੁਧ) ਨੇ ਇਸ ਬਾਰੇ

---

[ਪੰਨਾ ੧੪ ਦੀ ਬਾਕੀ]

ਚੋਪਈ :

ਦਸ ਅਵਤਾਰ ਗੁਪਤ ਹੈ ਜਾਂਹਿ। ਕੁਲ ਨਹਿ ਪ੍ਰਗਟੇ ਗੀ ਪੁਨਿ ਤਾਹਿ।
ਤਾਂ ਤੇ ਜੋ ਮੋਹ ਸਿਖ ਸੁਜਾਨਾ। ਮਾਨਹਿ ਗੁਰੂ ਗ੍ਰੰਥ ਭਗਵਾਨਾ।..........
ਗੁਰਿਆਈ ਕਾ ਅਬ ਨਹਿ ਕਾਲ। ਤਿਲਕ ਨਾ ਦੇਵਾਹਿੰ ਗੇ ਕਿਸ ਭਾਲ।
ਸਰਬ ਸੁ ਸੰਗਤ ਖਾਲਸਾ ਮਾਂਨ। ਸ੍ਰੀ ਅਸ ਕੇਤ ਗੋਦ ਮੈ ਜਾਨ।
ਲੜ ਪਕੜਾਇ ਸਬਦ ਕਾ ਰੂਪ। ਜੋ ਮਾਂਨੈਗੇ ਸਿੰਘ ਅਨੂਪ॥
ਦਰਸਨ ਗੁਰ ਕਾ ਹੈ ਸਾਵਧਾਨ। ਸ੍ਰੀ ਗ੍ਰੰਥ ਜੀ ਸਾਹਿਬ ਮਾਨ॥
ਲੈ ਆਵਹੁ ਤਾ ਕੋ ਜਿਹ ਥਾਨਾ। ਲੇ ਆਏ ਗੁਰ 'ਦਸਮੇ' ਸੁਜਾਨਾ॥
ਸੁਨ ਕੇ ਕਹਾ ਏਹੋ ਇਤਿਹਾਸ। ਚਲੋ ਆਦਿ ਸਤਿਗੁਰ ਕੇ ਪਾਸ॥
ਤਬ ਪੁਨ ਆਪ ਉਠੇ ਸੰਤ ਸੰਗਾ। ਪੈਸੇ ਪਾਂਚ ਨਾਰੀਏਲ ਸੁਅੰਗਾ॥
ਲੇ ਕੇ ਤਾਹਿ ਅਰਪ ਕੀ ਬੰਦਨ। ਪ੍ਰਦਖਨ ਕਰਤੇ ਮਨ ਰੰਗਨ॥

(ਗੁਰ ਬਿਲਾਸ ਭਾਈ ਮਨੀ ਸਿੰਘ, ਸੰਮਤ ੧੮੦੮. ਇਕਸਿਸੋ, ਅਧਿਆਇ)

ਗੁਰੂ ਗ੍ਰੰਥ ਸਾਹਿਬ ਜੀ ਕੋ ਗੁਰਿਆਈ ਦੇ ਕਰ
ਅਰਦਾਸ ਕਰ ਆਖੇ ਪ੍ਰੇਮ ਭਰੀ ਹੈ।
ਲੈ ਕੇ ਖਾਲਸੇ ਤੇ ਖੁਸ਼ੀ ਚੰਦਨ ਕੀ ਚਿਖਾ ਪਰ
ਆਪ ਚਲਿਆ ਬਿਰਾਜੇ ਚਾਰ ਠੌਰ ਧਰੀ ਹੈ।

(ਬੰਸਾਵਲੀ ਨਾਮਾ ਕੇਸਰ ਸਿੰਘ ਛਿੱਬਰ ਮਿਤੀ ੧੮੩੯)



www.AKJ.Org

ਕਿਹਾ ਜਾਂ ਇਹ ਕੰਮ ਇਸ ਤਰਾਂ ਕੀਤਾ ਸੀ, ਆਪਣੀ ਦਲੀਲ ਨੂੰ ਹੀ ਅਧਾਰ ਮੰਨਕੇ ਫੈਸਲੇ ਕਰਦੇ ਰਹਿਣਾ '......ਜੇ ਪੰਥ ਦੀ ਮਨਸ਼ਾ ਹੋਵੇ ਤਾਂ ਮੇਰੇ ਪਿਛੋਂ ਸੰਘ ਦੇ ਸਧਾਰਣ ਨਿਯਮ ਕੱਢ ਦੇਣੇ।

(ਤਥੇ ਮਝਮ ਨਿਕਾਇ)

ਇਹ ਬੁਧ ਜੀ ਦੀ ਨਿਰਮਾਣਤਾ ਸੀ, ਜਾਂ ਸੰਘ ਨੂੰ ਪੂਰਨ ਸੁਤੰਤਰਤਾ ਦਾ ਅਧਿਕਾਰ ਜਤਾਉਣ ਦਾ ਰਹਸ ਅਤੇ ਜਾਂ ਆਪਣੇ ਸਿਧਾਂਤਾਂ ਨੂੰ ਕਿਸੇ ਗ੍ਰੰਥ ਦੇ ਰੂਪ ਵਿਚ ਨਿਰੂਪਣ ਨਾ ਕਰ ਸਕਣ ਦੀ ਅਣਹੋਂਦ। ਇਸ ਦਾ ਸਿਟਾ ਵੈਸ਼ਾਲੀ ਦੀ ਦੂਜੀ ਹੀ ਮਹਾਨ ਬੋਧਿ ਸੰਗਤਿ ਇਕਤ੍ਰਤਾ ਤਕ ਇਹ ਨਿਕਲਿਆ ਕਿ ਸੰਘ ਲੀਰਾਂ ਲੀਰਾਂ ਹੋ ਗਿਆ, ਅਨੇਕਾਂ ਮਤਭੇਦ ਖੜੇ ਹੋ ਗਏ ਤੇ ਕਈ ਸੰਘ ਬਣ ਗਏ। ਏਕਤਾ ਕਰਨ ਦੀ ਇਕ ਯਸ ਨਾਮੇ ਭਿਖਸ਼ੂ ਨੇ ਕੋਸ਼ਿਸ਼ ਕੀਤੀ ਤਾਂ ਉਸ ਦੇ ਫਲ ਸਰੂਪ ਸਗੋਂ ਬੋਧ ਮਤ ਦੋ ਧੜੇ ਪੰਥਾਂ ਵਿਚ ਵੰਡਿਆ ਗਿਆ, ਇਕ ਪੰਥ ਪਰੰਪਰਾ ਦਾ ਧਾਰਨੀ, ਹੀਨ ਯਾਨ, ਜੋ ਬੁਧ ਜੀ ਦੇ ਬਚਨਾਂ ਤੇ ਕਰਮਾਂ ਨੂੰ ਪਰਮਾਣ ਆਖਦਾ ਸੀ ਦੂਜਾ ਮਹਾਯਾਨ ਜਿਸ ਦਾ ਅਧਾਰ ਬੁਧ ਜੀ ਦਾ ਇਹ ਬਚਨ ਮੰਨਿਆ ਗਿਆ ਕਿ ਸੰਘ ਨੂੰ ਪੂਰਨ ਅਧਿਕਾਰ ਹਨ। ਇਹ ਦੂਜਾ ਪੰਥ ਕੁਦਰਤੀ ਤੌਰ ਤੇ ਸਮੇਂ ਅਤੇ ਲੋੜ ਮੁਤਾਬਕ ਫੈਲਣ ਵਾਲਾ ਵਧੇਰੇ ਪਰਵ੍ਰਿਤ ਤਾਂ ਜ਼ਰੂਰ ਹੋਇਆ, ਪਰ ਅੰਤ ਨੂੰ ਬੁਧ ਮਤ ਦੇ ਪਤਨ ਤੇ ਖਾਤਮੇ (ਘਟੋ ਘਟ ਭਾਰਤ ਵਿਚੋਂ) ਦਾ ਕਾਰਨ ਵੀ ਏਹੋ ਬਣਿਆ। ਕਿਉਂ ਕਿ ਜਦੋਂ ਦਲੀਲ ਨਾਲ ਆਪ ਹੀ ਫੈਸਲਾ ਕਰਨਾ ਹੋਵੇ ਮਨੁਖ ਹਰ ਸਮੇਂ ਆਪਣੇ ਮਾਨਸ਼ਿਕ ਝੁਕਾਵਾਂ ਦੇ ਵਸ ਹੋਣ ਕਰਕੇ ਮਨ ਚਾਹੇ ਫੈਸਲੇ ਹੀ ਲੈਂਦਾ ਹੈ। ਇਸ ਤਰਾਂ ਧਰਮ ਜਾਂ ਕਿਸੇ ਮਹਾਨ ਪੁਰਖ ਦੇ ਬਚਨ ਤੇ ਕਰਮ ਉਸ ਦਾ ਮੂਲ ਆਧਾਰ ਨਾ ਰਹਿੰਦੇ ਹੋਏ ਅੰਸ਼ ਮਾਤਰ ਵੀ ਨਹੀਂ ਰਹਿ ਜਾਂਦੇ। ਧਰਮ ਦੇ ਪਰੇਰਕ ਮੂਲ ਵਿਚਾਰਾਂ ਦਾ ਇਕ ਪਰਛਾਵਾਂ ਅਮਲੀ ਬਣ ਜਾਂਦਾ ਹੈ ਤੇ ਧਰਮ ਦਾ ਗਾੜ੍ਹਾ ਦੁਧ ਹੌਲੀ ਹੌਲੀ ਕਚੀ ਲਸੀ ਬਣਕੇ ਰਹਿ ਜਾਂਦਾ ਹੈ।

ਸਿਖ ਧਰਮ ਵਿਚ ਇਹ ਗਲ ਅਰੰਭ ਵਿਚ ਹੀ ਬੁਧ ਮਤ ਨਾਲੋਂ ਭਿੰਨ ਚਲੀ ਆਈ ਹੈ, ਇਕ ਤਾਂ ਗੁਰਬਾਣੀ ਤੇ ਗੁਰੂ ਪੰਥ ਦੇ ਰੂਪ ਵਿਚ ਗੁਰੂ ਸਾਹਿਬਾਨ ਨੇ ਆਪਣੇ ਸਿਧਾਂਤ ਅਤੇ ਬਚਨ ਇਕਤਰ ਕਰਕੇ, ਉਨਾਂ ਦਾ ਉਚਾ ਦਰਜਾ ਖ਼ੁਦ ਸਥਾਪਨ ਕਰ ਦਿਤਾ ਸੀ, ਜਿਸ ਦੀ ਹੋਂਦ ਉਚਤਾ ਤੇ ਪ੍ਰਭੂ ਸਤਾ ਮੰਨ ਲੈਣੀ ਹੀ ਗਲ ਸਪਸ਼ਟ ਕਰ ਦਿੰਦਾ ਹੈ ਕਿ ਪਹਿਲਾ ਸਤਿਕਾਰ ਗ੍ਰੰਥ ਜਾਣੀ ਸਿਧਾਂਤ ਦਾ ਹੈ, ਦੂਜੇ ਸਿਖ ਪੰਥ ਨੂੰ ਅਜੇਹੀ ਖੁਲ ਉਂਵ ਵੀ ਵਿਵਰਜਤ ਹੈ। ਹੁਕਮ ਹੈ:-

ਗੁਰਿ ਕਹਿਆ ਸਾ ਕਾਰ ਕਮਾਵਹੁ।
ਗੁਰ ਕੀ ਕਰਣੀ ਕਾਹੇ ਧਾਵਹੁ।

ਸਾਧਾਰਨ ਪਾਰਟੀਆਂ ਦਾ ਪ੍ਰਬੰਧ ਵੀ ਆਮ ਤੌਰ ਤੇ ਉਹਨਾਂ ਦੇ ਬਣਾਏ ਹੋਏ ਬੰਧਨ ਜਾਂ ਵਿਧਾਨ ਦੇ ਆਧਾਰ ਤੇ ਚਲਿਆ ਕਰਦਾ ਹੈ, ਜਿਸ ਨੂੰ ਤੋੜਨ ਵਾਲੇ ਪਾਰਟੀਆਂ ਤੋਂ ਕਢੇ ਜਾਂਦੇ ਨਿਤ ਸੁਣਦੇ ਹਾਂ, ਖਾਲਸਾ ਪੰਥ ਦਾ ਵਿਧਾਨ ਗੁਰਬਾਣੀ ਤੇ ਰਹਿਤਨਾਮੇ ਹਨ, ਜਾਂ ਉਹਨਾਂ ਨੂੰ ਸੋਧ ਪਰਬੋਧ ਕੇ ਤਿਆਰ ਕੀਤਾ ਹੋਇਆ ਕੋਈ ਪੂਰਨ ਵਿਧਾਨ ਬਣ ਸਕਦਾ ਹੈ। ਜਿਸ ਦੀ ਖਾਲਸਾ ਜੀ ਨੇ ਹਾਲਾਂ ਤਕ ਲੋੜ ਨਹੀਂ ਸਮਝੀ ਤੇ ਆਪਣੀ ਗੁਰੂ ਰੀਤ ਪਰੰਪਰਾ ਨੂੰ ਛਡਕੇ ਇਕ ਅਜਿਹੇ ਗੁਰਦਵਾਰਾ ਐਕਟ ਨੂੰ ਪੰਥ ਦਾ ਅਧਾਰ



www.AKJ.Org

ਮੰਨ ਲਿਆ ਹੈ, ਜਿਸ ਵਿਚ ਗੁਰਮਤਿ ਰਹੁ ਰੀਤ ਤੋਂ ਮਰਯਾਦਾ ਦਾ ਅੰਸ਼ ਮਾਤਰ ਵੀ ਨਹੀਂ ਅਤੇ ਉਸ ਐਕਟ ਦੇ ਆਧਾਰ ਉਤੇ ਪੰਥ ਖੁਦ ਮੁਖਿਤਾਰ ਨਹੀਂ ਬਣਿਆ, ਸਗੋਂ ਧੜੇ ਤੇ ਪਾਰਟੀਆਂ ਪੰਥ ਕਹਾਉਣ ਲਗ ਪਈਆਂ ਹਨ।

ਸਿੱਖੀ ਵਿਚ ਗੁਰੂ ਸਾਹਿਬਾਨ ਦੇ ਸਰੀਰ ਧਾਰੀ ਹੁੰਦਿਆਂ ਗੁਰੂ ਦਾ ਦੇਹਧਾਰੀ ਸਰੂਪ ਖੁਦ ਵੀ ਗੁਰੂ ਸਾਹਿਬਾਨ ਦੇ ਸਿਧਾਂਤਾਂ ਤੋਂ ਉਚਾ ਨਹੀਂ ਮੰਨਿਆ ਗਿਆ, ਜਾਣੀ ਗੁਰਬਚਨਾਂ ਗੁਰਬਾਣੀ ਦੀ ਪ੍ਰਭੂ ਸਤਾ ਸੁਖ ਜਣਾਂਦੀ ਅਤੇ ਪ੍ਰਚਾਰੀ ਜਾਂਦੀ ਰਹੀ ਹੈ, ਜਿਸ ਦਾ ਵਿਸਥਾਰ ਨਾਲ ਪਹਿਲੇ ਗ੍ਰੰਥ ਪੰਥ ਵਾਲੇ ਲੇਖ ਵਿਚ ਵਰਨਣ ਕਰ ਆਂਦੇ ਹਾਂ। ਸ੍ਰੀ ਗੁਰੂ ਜੀ ਦਾ ਵਾਕ ਹੈ :-

ਸਤਿਗੁਰ ਨੋ ਸਭੁ ਕੋ ਵੇਖਦਾ
ਜੇਤਾ ਜਗਤੁ ਸੰਸਾਰੁ।
ਡਿਠੈ ਮੁਕਤਿ ਨ ਹੋਵਈ,
ਜਿਚਰੁ ਸਬਦਿ ਨ ਕਰੇ ਵਚਾਰੁ।
ਸਭਸੈ ਊਪਰਿ ਗੁਰ ਸਬਦੁ ਵੀਚਾਰੁ।
ਹੋਰ ਕਥਨੀ ਬਦਉਨ ਸਗਲੀ ਛਾਰੁ।

ਏਥੇ ਸ਼ਬਦ ਵਿਚਾਰ, ਸ਼ਬਦਾਂ ਵਿਚ ਆਏ ਵਿਚਾਰਾਂ ਨੂੰ ਸਮਝਣ ਤੇ ਪਾਲਣ ਦੇ ਅਰਥਾਂ ਵਿਚ ਆਇਆ ਹੈ। ਸਿਖ ਧਰਮ ਅਨੁਸਾਰ ਮੁਕਤੀ, ਕੋਈ ਅਸਮਾਨ ਉਡਾਰੀ, ਜਾਂ ਮਰਨ ਪਿਛੋਂ ਸਵਰਗ ਪ੍ਰਾਪਤੀ ਨਹੀਂ, ਇਸ ਦੁਨੀਆਂ ਵਿਚ ਰਹਿੰਦਿਆਂ ਸੇਵਾ ਕਮਾਉਂਦਿਆਂ ਕਰਮ ਕਰਦਿਆਂ ਨਿਹਕਰਮ ਹੋਣਾ ਹੀ ਮੁਕਤੀ ਹੈ। ਮਰਨ ਮੁਕਤ ਕਿਨ ਪਾਈ ? ਤੇ ਹੋਰ ਅਜੇਹੇ ਅਨੇਕਾਂ ਗੁਰਬਚਨਾਂ ਸਿਧਾਂਤਾਂ ਨੂੰ ਸਮਝ ਕੇ ਗੁਰਬਾਣੀ ਦੇ ਚਾਨਣੇ ਵਿਚ ਜੀਵਨ ਚਾਨਣਾਂ ਹੈ, ਉਸ ਲਈ ਚੰਗੀ ਸੰਗਤ ਤੇ ਪੰਥ ਦੇ ਵਾਯੂ ਮੰਡਲ ਵਿਚ ਵਿਚਰਨ ਤੇ ਉਸ ਮਾਰਗ ਉਤੇ ਚਲਣ ਲਈ ਕਿਹਾ ਹੈ :-

'ਇਤੁ ਮਾਰਗਿ ਚਲੇ ਭਾਈਅੜੇ,
ਗੁਰੁ ਕਹੈ ਸੁ ਕਾਰ ਕਮਾਇ ਜੀਉ।
ਗੁਰ ਸਿਖ ਮੀਤ ਚਲੋ ਗੁਰ ਚਾਲੀ।

ਖਾਲਸਾ ਪੰਥ ਦਾ ਕੰਮ ਮਹਿਜ਼ ਚੰਗਿਆਂ ਬੰਦਿਆਂ ਦੀ ਸੰਗਤ ਜਾਂ ਜਥੇਬੰਦਕ ਸੰਗਠਨ ਵਿਚ ਵਿਚਾਰਨਾ ਹੀ ਨਹੀਂ, ਇਸ ਨਾਲੋਂ ਵਧੇਰੇ ਹੈ। ਸਮੇਂ ਸਮੇਂ ਸਿਰ, ਸਮਾਜਕ ਉਲਝਣਾਂ, ਸੁਲਝਾਉਣੀਆਂ, ਧਰਮ ਦੇ ਵਾਧੇ ਲਈ ਉਦਮ ਤੇ ਸਾਧਨਾਂ ਕਰਦੇ ਰਹਿਣਾ, ਅਤੇ ਰਵਾਇਤਾਂ ਤੇ ਪਰੰਪਰਾ ਨੂੰ ਮੁਖ ਰਖਕੇ ਵਡੇ ਫੈਸਲੇ ਦੇਣ ਦਾ ਵੀ ਪੰਥ ਦਾ ਅਧਿਕਾਰ ਹੈ। ਕੇਸਰ ਸਿੰਘ ਛਿੱਬਰ ਨੇ ਦਸਮੇਸ਼ ਜੀ ਦੇ ਅੰਤਮ ਉਪਦੇਸ਼ ਨੂੰ ਇਸ ਤਰਾਂ ਅੰਕਤ ਕੀਤਾ ਹੈ :-

ਸੁਣਹੁ ਵੇ ਭਾਈ ਸਿਖ ਇਹੋ ਮੇਰਾ ਹੈ ਖੋਜਨਾ।
ਲੋਚਨਾ ਪੰਥ ਦੇ ਵਾਧੇ ਨੇ ਕਰਨੀ ਸ਼ਬਦ ਦੀ ਖੋਜਨਾ

ਪਰੰਪਰਾ ਤੇ ਉਸਤੋਂ ਵੀ ਵਧ ਜ਼ਰੂਰੀ ਗੁਰਬਾਣੀ ਦੇ ਸਿਧਾਂਤਾਂ ਤੋਂ ਭਿੰਨ ਕਿਸਮ ਦੇ ਫੈਸਲੇ ਲੈਣਾ ਸਿਖ ਪੰਥ ਦਾ ਅਧਿਕਾਰ ਨਹੀਂ, ਕਿ ਜਿਹੋ ਜਿਹੀ ਜਦੋਂ ਜਿਸ ਦੇ ਫੈਸਲੇ ਲੈਣਾ, ਸਿਖ ਪੰਥ ਦਾ ਅਧਿਕਾਰ ਨਹੀਂ; ਜਿਹੋ ਜਿਹੀ ਜਦੋਂ ਜਿਸ ਵਿਅੱਕਤੀ ਜਾਂ ਪਾਰਟੀ, ਤੇ ਧੜੇ ਨੂੰ ਦਲੀਲ ਫੁਰ ਪਏ, ਉਸੇ ਅਨੁਸਾਰ ਫੈਸਲਾ ਕਰਕੇ ਉਸ ਨੂੰ 'ਪੰਥਕ' ਫੈਸਲਾ' ਕਿਹਾ ਜਾਵੇ। ਪਰੰਪਰਾ ਨਾਲੋਂ ਟੁਟ ਕੇ, ਗੁਰਬਾਣੀ ਦੇ ਸਿਧਾਂਤਾਂ ਨੂੰ ਜਾਣੇ ਪਛਾਣੇ ਤੇ ਸਮਝੇ ਬਿਨਾਂ ਕਿਤੇ ਹੋਏ ਫੈਸਲੇ ਪੰਥਕ ਫੈਸਲੇ ਨਹੀਂ ਕਹਾ ਸਕਦੇ, ਭਾਵੇਂ ਸਾਰੀਆਂ ਪਾਰਟੀਆਂ ਅਤੇ ਧੜੇ ਹੀ ਇਕੱਤਰ ਹੋ ਕੇ ਕਿਉਂ ਨਾ ਕਰਨ ? ਕਿਸੇ ਇਕ ਪਾਰਟੀ ਜਾਂ ਬਹੁ ਸੰਮਤੀ ਨਾਲ ਕੀਤੇ



www.AKJ.Org

ਫੈਸਲੇ, ਜਾਂ ਧੜੇ ਪਿੱਟਣ ਤੋਂ ਵੱਧ ਹੋਰ ਕੁਝ ਅਰਥ ਹੀ ਨਹੀਂ ਰੱਖਦੇ †ਹੁੰਦੇ। ਸਿੱਖੀ ਕੇਵਲ 'ਸ਼ੁਭ ਸੰਗਠਨ' ਨਹੀ 'ਸ਼ੁਭ ਸਿਧਾਂਤਕ' ਸੰਗਠਨ ਹੈ। ਉਹਨਾਂ ਉਚ ਸਿਧਾਂਤਾਂ ਦਾ ਪ੍ਰਮਾਣੀਕ ਨਿਰੂਪਣ ਗੁਰੂ ਗ੍ਰੰਥ ਸਾਹਿਬ ਹੈ। ਜਿਸ ਦੀ ਤਾਬਿਆ ਦੇ ਅਰਥ ਹਨ ਗੁਰੂ ਗ੍ਰੰਥ ਵਿਚ ਆਏ ਸਿਧਾਂਤਾਂ ਨੂੰ ਜਾਣੇ ਬਿਨਾਂ ਕੀਤੇ ਗਏ ਫੈਸਲੇ ਪੰਥਕ ਨਹੀਂ ਕਹਾ ਸਕਦੇ। ਇਸੇ ਕਰਕੇ ਸਿਖਾਂ ਵਿਚ ਇਕ ਤੋਂ ਵਧੀਕ ਪੰਥ ਨਹੀਂ ਚਲ ਸਕਦੇ, ਧੜੇ ਨਹੀਂ ਬਣ ਸਕਦੇ, ਪਾਰਟੀਆਂ ਨਹੀਂ ਬਣ ਸਕਦੀਆਂ। ਜਦੋਂ ਇਕ ਪਾਰਟੀ ਆਪਣੇ ਆਪ ਨੂੰ ਪੰਥ ਤੇ ਦੂਜਿਆਂ ਨੂੰ ਗੈਰ ਪੰਥਕ ਕਹੇ, ਉਦੋਂ ਸਿਖਾਂ ਵਿਚੋਂ 'ਪੰਥ' ਦਾ ਅਭਾਵ ਹੋ ਗਿਆ ਸਮਝਣਾ ਚਾਹੀਦਾ ਹੈ। ਅਜੇਹੇ ਵੇਲੇ ਪੰਥ ਦਾ ਸੰਗਠਨ ਟੁਟ ਗਿਆ ਮਨ ਲੈਣਾ ਚਾਹੀਦਾ ਹੈ। ਪੰਥ ਇਕ ਪਾਰਟੀ ਨਹੀਂ ਬਣ ਸਕਦੀ, ਪੰਥ ਵਿਚ ਧੜੇ ਨਹੀਂ ਹੋ ਸਕਦੇ, ਧਰਮ ਪੰਥ, ਪਾਰਟੀ ਅਤੇ ਧੜੇ ਵਿਚ ਬਹੁਤ ਭੇਦ ਹਨ। ਜਿਨ੍ਹਾਂ ਉਤੇ ਵਖਰੀ ਬਹਿਸ ਦੀ ਲੋੜ ਹੈ।

ਚਲਦਾ......

---

†(੧) ਸੁਣੋ ਵੇ; ਭਾਈ ਸਿਖੋ ਐਸਾ ਮੰਤ ਬਾਬਾ ਨਾਨਕ ਪਛਾਣੋ
ਦਸੇ ਮਹਿਲ ਬਾਬਾ ਨਾਨਕ ਜੀ ਜਾਣੋ।
ਦਸਵਾਂ ਪਾਤਸ਼ਾਹ ਗੁਰਗਦੀ ਗੁਰਿਆਈ ਦੀ ਗ੍ਰੰਥ ਸਾਹਿਬ ਨੂੰ ਦੇ ਗਿਆ।
ਅਜ ਪ੍ਰਤੱਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ, ਸੋਈ ਗਿਆ ਜੋ ਗ੍ਰੰਥੋਂ ਗਿਆ।੨੨੦।
ਜਿਤਨਾ ਹੋਇ ਆਵੇ ਤਿਤਨਾ ਗ੍ਰੰਥ ਦੇ ਬਚਨ ਕਮਾਵੇ॥
ਬਿਨਾ ਗ੍ਰੰਥ ਕੋਈ ਹੋਰ ਨਾ ਜਾਣੇ। ੨੨੧।
......ਜੋ ਗ੍ਰੰਥ ਸਾਹਿਬ ਜੀ ਸੋ ਮੁੜੇ ਨਿਸਚੇ ਸੋਈ ਜਾਣੇ ਰੁੜੇ।
(੨) ਆਜ ਕੇ ਸਮੇਂ ਗ੍ਰੰਥ ਸਾਹਿਬ ਹੈ ਗੁਰੂ ਹਮਾਰਾ।
ਅਗੇ ਸਾਹਿਬ ਦਸਵਾਂ ਪਾਤਸ਼ਾਹ ਲਾਂਦੇ ਬੈਠਤ ਦਰਬਾਰ।
ਜੋ ਸ਼ੰਕਾ ਹੋਤਾ ਸਭ ਪੁਛ ਲੇਤੇ।
ਅਬ ਤਿਨਕੇ ਆਸਨ, ਗੁਰੂ ਗ੍ਰੰਥ ਜੀ ਉਤਰ ਹੈ ਦੇਤੇ। ੩੦੧।
ਸੋ ਅਬ ਜੋ ਗ੍ਰੰਥ ਜੀ ਨਾ ਮੰਨੇ ਸੋ ਬੇਮੁਖ ਪੱਕਾ ਹੈ ... । ੩੦੨।
ਗ੍ਰੰਥ ਸਾਹਿਬ ਦੇ ਕਹੇ ਤੋਂ ਚੁਕੇ ਤਾਂ ਸਿਖ ਨਹੀਂ ਅਸਿੱਖ ਅਖਾਇਆ।੩੦੩।
ਜੋ ਗ੍ਰੰਥ ਸਾਹਿਬ ਦੇ ਬਚਨ ਭੀ ਨਾ ਕੰਨ ਧਰਹਿਗੇ।
ਤਾਂ ਗੁਰੂ ਕੇ ਪੱਕਾ ਵੈਰੀ ਹੋਵਣਗੇ। ਅਤੇ ਅੰਤਕਾਲ ਨੂੰ ਰੋਵਣ ਗੇ।੩੦੪।
(੩) ਸ਼ਸਤ੍ਰ ਧਾਰੀ ਹੋਵੇਗਾ ਪੰਥ। ਗੁਰੂ ਕੇ ਸਿੱਖ ਚਲਣ ਗੇ ਮਤ ਗ੍ਰੰਥ।
"ਹੁਕਮ ਮੰਨਿਐ ਹੋਵੈ ਪ੍ਰਵਾਣ ਤਾਂ ਖਸਮੈ ਕਾ ਮਹਿਲ ਪਾਇਸੀ।"
ਇਹ ਬਚਨ ਗੁਰੂ ਗ੍ਰੰਥ ਸਾਹਿਬ ਆਖ ਸੁਣਾਇਸੀ।੪੮੮।
ਸਿਖੀ ਸੋਈ ਜੋ ਹੁਕਮ ਖਾਸ ਦਸਖਤ ਅਤੇ ਗ੍ਰੰਥ ਜੀ ਮੰਨੇ।
ਵਾਕ ਗ੍ਰੰਥ ਅਤੇ ਹੁਕਮ ਨਾਵੇਂ ਸਚ ਕਰ ਜਾਣੇ। ੪੮੯।
[ਬੰਸਾਵਲੀ ਨਾਮਾ ਕੇਸਰ ਸਿੰਘ ਛਿੱਬਰ [ਸੰਮਤ ੧੮੩੬ ਰਚਨ ਕਾਲ]



www.AKJ.Org

# "ਹਰਿਆਵਲੇ ਮੰਗਲ ਰਾਜਾ ਰਾਮ ਕੇ"

(ਭਾਈ ਸਤਿਨਾਮ ਸਿੰਘ ਜੀ ਲੁਧਿਆਣਾ)

ਆਪਿ ਬਸੰਤੁ ਜਗਤ ਸਭ ਵਾੜੀ ।
ਨਾਨਕ ਪੂਰੈ ਭਾਗਿ ਭਗਤਿ ਨਿਰਾਲੀ ।
(ਬਸੰਤ ਮਹਲਾ ੩)

ਗੁਰਮਤ ਗੁਰਬਾਣੀ ਹਿਰਦੇ ਵਿਚ ਖੇੜਿਆਂ ਟਹਿਕਦਾ ਬਸੰਤ–ਫੈਲਾਉ ਤੇ ਹਰਿਆਲੀ ਮਹਿਕਾਣ ਲਈ ਬਹੁਤ ਸਹਿਲਾ ਤੇ ਮ੍ਰਿਕ ਅਜੇਹਾ ਮੋੜ ਦ੍ਰਿਸ਼ਟਾਉਂਦੀ ਏ, ਜਿਸ ਦਾ ਚੌਪਾਸਾ ਐਸੀ ਹਰਿਆਈ ਨਾਲ ਮਹਿਕਿਆ ਹੁੰਦੈ ਜੋ ਤਨ ਮਨ ਅਕਾਲ ਦੇ ਨੇਹੁ ਵਿਚ ਖੀਵਾ ਕਰ ਦਿੰਦੈ । ਅਜਿਹੇ ਪ੍ਰੀਤ ਮੋੜ ਸਾਹਮਣੇ ਚਕਵੀ ਤੇ ਸੂਰਜ, ਚਕੋਰ ਤੇ ਚੰਦ ਤੇ ਮਛੀ ਤੇ ਜਲ ਦੇ ਪ੍ਰੀਤ ਪ੍ਰਮਾਣ ਹੀਣ ਜਾਪਦੇ ਨੇ । ਮਹਿਕਵੀਂ ਤੇ ਰੁਮਕਵੀਂ ਸਦੀਵ ਪ੍ਰੀਤ-ਪੌਣ ਸਾਡੇ ਹਿਰਦਿਆਂ ਵਿਚ ਵਿਗਸਦੀ ਏ, ਉਸ ਸਮੇਂ ਜਦ ਅਸੀਂ ਗੁਰਬਾਣੀ ਪੜ੍ਹ–ਸਮਝ, ਫਿਰ ਉਸ ਤੇ ਚਲਣ ਲਈ ਸਮਰਥਾ ਦੀ ਜਾਚਨਾ ਪਰਮ ਅਕਾਲ ਪਾਸ ਅਲਾਪਦੇ ਹਾਂ ਕੀਰਤਨ ਲਪਟਾਂ ਦੁਆਰਾ । ਗੁਰਬਾਣੀ ਆਪਣੇ ਆਪ ਵਿਚ ਤਰਲਾ, ਬਿਗੜੇ ਤੜਫਲਾ, ਬਿਨੰਤੀਆਂ ਤੇ ਫਿਰ ਆਪਣੇ ਆਪ ਵਿਚ ਹੀ ਸੁਹਾਗਣ ਵਿਕਸ ਅੰਤ ਤਨ ਮੱਨ "ਹਰਿਆਵਲੇ ਮੰਗਲ ਰਾਜਾ ਰਾਮ ਕੇ" ਆਲਾਪਨ ਲਈ ਪਰੇਰਨਾ ਦਿੰਦੀ ਏ ਅਸਿਹ ਹੁਲਾਸਵੀ ਟਹਿਕ ਦੁਆਰਾ ।

ਗੁਰਬਾਣੀ ਐਸਾ ਚਸ਼ਮਾਂ ਏ ਜਿਸ ਚੋਂ ਨਿਰੋਲ ਵਾਹੁ ਵਾਹੁ ਰੂਪੀ ਅੰਮ੍ਰਿਤ ਜਲ ਵਹਿੰਦਾ ਏ ਤੇ ਫਿਰ ਪਾਪ ਕਸੰਮਲ ਭੰਨੇ ਜਾਂਦੇ ਨੇ ਤੇ ਅਸਰ ਅਜਿਹਾ ਜਾਦੂ ਮਈ ਹੋ ਜਾਂਦਾ ਏ ਜੋ ਤਨ ਮਨ ਕਪਟਾਂ ਦੇ ਹਨੇਰਿਆਂ ਚੋਂ ਉਜਾਗਰ ਕਰ ਐਸੀ ਮਾਨਿਕ ਸਥਿਰਤਾ ਉਪਜਾਉਂਦਾ ਏ ਜੁ ਸ਼ਾਂਤ ਸਮੁੰਦਰ ਦਾ ਵਹਿਣ ਪ੍ਰਗਟਾ ਗੁਰਮਤਿ ਫੁਹਾਰਿਆਂ ਰਾਹੀਂ ਹਰਿਆਵਲ ਛਿੜਕ ਦਿੰਦੀ ਏ । ਇਹ ਸਦੀਵ ਹਰਿਆਵਲ ਸਾਡੇ ਅੰਤਰ ਆਤਮੇਂ ਵਸੀ ਹੋਈ ਸਾਡੇ ਮਾਨਸਿਕ ਖੇੜਿਆਂ ਦੀ ਜਾਨ ਬਣ ਗੁਰਮੁਖਾਂ ਦੇ ਮੰਗਲਚਾਰ ਬਸੰਤ ਵਸ ਹੋਏ ਹੋਏ ਦਰਸਾਉਂਦੀ ਏ ।

ਆਜ ਹਮਾਰੈ ਗ੍ਰਿਹਿ ਬਸੰਤ ॥
ਗੁਨ ਗਾਏ ਪ੍ਰਭ ਤੁਮ ਬੇਅੰਤ ॥
ਬਸੰਤ ਮਹਲਾ ੫

ਮਨ ਨੂੰ ਇਕ ਅਜਿਹੀ ਸਤਾਅ ਤੇ ਅਪੜਾਣਾ ਜੋ ਕੂੜੇ ਪਦਾਰਥਾਂ, ਲੋਭ ਮਈ ਹਰਕਤਾਂ, ਹੰਕਾਰ ਭਰੇ ਕੁਲਖਣਾਂ ਤੇ ਕਾਮ ਭਰੀਆਂ ਗੰਦਲਾਂ ਨੂੰ



www.AKJ.Org

ਵਿਨਾਸ਼ ਕਰੇ ਆਪਣੇ ਸੂਖਮ ਪੁਲਾੜਾਂ ਤੋਂ ਤੇ ਫਿਰ ਸੱਤ ਭਰਪੂਰ ਸੰਤੋਖ ਦਾ ਸਿਖਰ ਦਇਆ ਤੇ ਧਰਮ ਦਾ ਉਜਿਆਰਾ ਤੇ ਧੀਰਜ ਪ੍ਰਗਟਾਊ ਨਾਮ ਹੀ ਹਰਦਮ ਜਪੇ ਉਹ ਅਵਸਥਾ "ਹਰਿਆਵਲੀ ਤਨਮਨ" "ਸੀਤਲ ਤਨ ਮਨ ਛਾਤੀ" ਆਖੀ ਜਾ ਸਕਦੀ ਏ ਹਰਿਆਵਲ ਸੜ ਸਵਾਹ ਗੁਭਾਰ ਕਢ ਰਹੇ ਮਨਮੁਖੀ ਵਿਲਲਾਂਦੇ ਹਿਰਦਿਆਂ 'ਚ ਕਦਾਚਿਤ ਨਹੀਂ ਲਭੀ ਜਾ ਸਕਦੀ ਚੂੰਕਿ ਇਹ ਤ੍ਰਿਸ਼ਨਾ ਮੋਹ ਪੰਕਜ ਦਾ ਵਹਾਉ ਨੇ ਯਕੀਨਨ ਸਤਿਗੁਰੂ ਦੀ ਸ਼ਰਨ ਆ, ਕਪਟ ਸਖਣਾ ਹੋ ਧੀਰਜ ਦਾ ਮੋੜ ਪਕੜਨਾ ਹੋਵੇਗਾ ਤੇ ਅਜਿਹੇ ਸਹਿਜ ਦੀ ਤ੍ਰਿਪਤੀ ਤ੍ਰਿਪਤਾਸਨੀ ਹੋਵੇਗੀ ਜੋ ਮਾਨਸਿਕ ਖੇੜਾ ਨਾਮ ਰਸ ਦੀ ਹਰਿਆਵਲ ਆਪਣੇ ਵਿਚ ਐਉਂ ਜਜ਼ਬ ਕਰੇ, ਜਿਉਂ ਪ੍ਰੀਤਾਂ ਵਲਵਲਿਆਂ ਨੂੰ।

ਸੋ ਸਹਿਜ ਤੇ ਹਰਿਆਵਲੀ ਲਫਜ਼ ਭਾਵੇਂ ਦੋ ਨੇ, ਮਗਰ ਇਹਨਾਂ ਦਾ ਨਿਖੇੜ ਕਰਨਾ ਜਾਂ ਇਕ ਦੂਜੇ ਦੇ ਉਲਟ ਦਰਸਾਉਣਾ ਉਤਨਾ ਹੀ ਮੁਸ਼ਕਲ ਏ ਜਿਤਨਾ ਨੌਂ ਤੇ ਚਾਰ ਚੌਦਾਂ ਆਖਣਾ। ਅਕਾਲ ਪ੍ਰੀਤਾਂ ਦੇ ਗੁਰਬਾਣੀ ਨੇਹੁ ਤੇ ਨਾਮ ਨਸ਼ਿਆਲੀ ਪਿਆਲੇ ਜਦ ਖੜਤਾਲਾਂ ਦੀਆਂ ਤਾਲਾਂ ਦੁਆਰਾ ਤੇ ਸੀਤਲਤਾ ਦੀਆਂ ਫੁਹਾਰਾਂ ਮਾਰਦੇ ਜਦ ਗੁਰਮਤ ਹਾਟ ਵਿਕਦੇ ਨੇ ਤਾਂ ਇਸ ਅੰਝਭਿਤ ਅਵਸਥਾ ਚੋਂ ਜਨਮ ਹੁੰਦੇ ਸਹਿਜ ਦਾ। ਸਹਜ ਫਿਰ ਨਾਮ ਦੀ ਤਾੜੀ ਨਾਲ ਰਲ ਸੁਹਾਗਣ ਬਣ ਮਨ ਤਨ ਮੌਲਦੀਆਂ ਰੂਹਾਂ 'ਚ ਜਦ ਘਰ ਕਰਦੇ ਤਾਂ ਉਸ ਖੇੜੇ ਦੀ ਅਵਸਥਾ ਜੋ ਮਾਨਣੀ ਜਾਂ ਸਮਝਣੀ ਉਸੇ ਦੇ ਕੋਲ ਹੀ ਹੁੰਦੀ ਏ ਉਸ ਨੂੰ ਆਖਦੇ ਨੇ ਹਰਿਆਵਲ ਤੇ ਉਹ ਹਰਿਆਵਲ ਵਿਗਸਦੀ ਏ ਰਾਮ ਰਸ ਗਾਵਨ ਤੋਂ। ਹਰਿਆਲ ਭਿੰਨੀਆਂ ਰੂਹਾਂ ਕਕਰ ਪਾਲਾ ਤੇ ਗਰਮੀਆਂ ਦੀਆਂ ਸਿਖਰਾਂ ਤੋਂ ਬਿਲਕੁਲ ਨਿਖੜ, ਸਿਰੜ ਗੂੰਜ ਹੇਠਾਂ ਮਹਿਕਦੀਆਂ ਨੇ।

ਇਸ ਸਰਬ ਵਿਆਪਕ ਰਾਮ ਦੇ ਪਿਆਰੇ ਜਦ ਗੁਰਮਤਿ ਗ੍ਰਸਿਆ ਪ੍ਰਾਣੀ ਗੂੰਗੇ ਦੀ ਮਿਠਿਆਈ ਜਿਉਂ ਗੱਟ ਗੱਟ ਛੱਕ ਖੁਮਾਰੀਆਂ 'ਚ ਮਸਤ ਅਲਮਸਤ ਹੁੰਦੇ ਤਾਂ ਪ੍ਰੀਤਮ ਦਾ ਜਸ ਗਾਵਣ ਤੇ, ਹਉਮੈ ਸੁਭਾਵ ਤੇ ਮਨਮਤੀ ਦਰਸੇਵੇ ਉਸ ਤੋਂ ਕੋਹਾਂ ਦੂਰ ਭਜ ਜਾਂਦੇ ਨੇ। ਉਹ ਰਾਮ ਰਸ ਪੀਣ ਨਾਲ ਹੋਰ ਵਾਦੀਆਂ; ਨਸ਼ੇ ਕੂੜ ਵਿਹਾਰ ਭਰੇ ਉਦਰੇਵਿਆਂ ਤੋਂ ਆਕੀ ਹੋ ਅਕਾਲ ਨੇਹੁ ਦੀ ਮਸਤੀ 'ਚ ਜਦ ਖੇੜੇ ਬਾਬਤ ਕੂਕਦੈ ਤਾਂ ਉਸ 'ਚ ਵਿਕਸੀ ਹਰਿਆਲੀ ਆਪਣੇ ਆਪ ਉਸ ਦੇ ਅਸਾਂਭ ਖਿੜਾਓ ਤੇ ਆਪਣਾ ਕਾਬੂ ਰਖਦੀ ਏ ਤਾਂ ਕਿ ਮਾਨਸਿਕ ਹਰਿਆਵਲ ਤੇ ਨਾਮ ਦੀ ਹਰਿਆਲੀ ਇਕ ਰੂਪ ਹੋ ਜਾਣ।

ਇਹ ਹਰਿਆਵਲ ਉਹਨਾਂ ਤਕ ਨਹੀਂ ਪਹੁੰਚੀ ਜਿਨਾਂ ਦੇ ਕੰਤ ਰੁੱਠੇ ਨੇ ਤੇ ਜੋ ਦਿਨ ਰਾਤ ਕੂੜ ਕਮਾ ਤ੍ਰਿਸ਼ਨਾ ਦੀ ਅਗ ਵਿਚ ਬਲ ਆਤਮਾਂ ਦੁਖੋਂ ਦੁਖ ਵਿਹਾ ਵਿਨਾਸ਼ ਕਰਦੇ ਜਾ ਰਹੇ ਨੇ। ਹਰਿਆਵਲ, ਖੇੜੇ ਦਾ ਮੂਲ ਹੋਣ ਕਾਰਨ ਗੁਰਮਤ ਰੱਸ, ਗੁਰਮਤ ਲਾਹੇ ਤੇ ਗੁਰਮਤ ਅਮਲ ਇਸ ਹਰਿਆਵਲ ਦੀਆਂ ਮਹਾਨ ਜੋਤਾਂ ਨੇ। ਬਸੰਤ, ਗੁਰਬਾਣੀ ਨੇ ਇਸੇ ਲਈ ਰਾਗ ਵਿਚ ਪਰੋ ਐਸੇ ਲਾਲ ਤੇ ਰਤਨਭਰ ਛਡੇ ਨੇ ਜੋ ਅਭਿਆਸੀ ਉਹਨਾਂ ਦੇ, ਨਿਤ ਨਿਤ ਦੂਨ ਸਵਾਏ ਹੋ ਹੋ ਫੁਲਦੇ ਨੇ।

ਬਸੰਤ ਤੇ ਹਰਿਆਵਲ ਕਾਦਰ ਦੀ ਕੁਦਰਤ ਦੇ ਦੋ ਆਪਸੀ ਸੁਮੇਲ ਹੋਏ ਐਸੇ ਵਿਕਸਾਅ ਨੇ ਜੋ ਆਪਣੀ ਹੋਂਦ ਮਹਿਕਾ ਮਨੁਖਤਾ ਦਾ ਮਨ ਵੱਸ ਕਰ ਲੈਂਦੇ ਨੇ ਤੇ ਉਸ ਨੂੰ ਸੋਚ ਉਡਾਰੀਆਂ



www.AKJ.Org

ਲਾਣ ਵਿਚ ਗਲਤਾਨ ਕਰ ਦਿੰਦੇ ਨੇ। ਠੀਕ ਇਵੇਂ ਹੀ ਗੁਰਮਤਿ ਵਾਰ 'ਚ ਵੀ ਬਸੰਤ ਅਤੇ ਹਰਿਆਵਲ—ਉਹਨਾਂ ਭਾਵਾਂ ਦਰਸੀਆਂ ਦੋ ਧਾਰਾਵਾਂ ਨੇ ਜੋ ਆਪਣੇ ਅਨਿਖੜਵੇਂ ਅਣੂਆਂ ਦੁਆਰਾ ਨਾਮ ਦੀ ਬਸੰਤ ਤੇ ਨਾਮ ਦੀ ਹਰਿਆਲੀ ਬਣ ਗੁਰਮਤਿ ਮਹਿਕਦੀਆਂ ਰੂਹਾਂ ਦੇ ਸਥਿਰ ਰਾਹਾਂ ਤੇ ਅਡੋਲ ਪੜਾਵਾਂ ਦੇ ਸਫਲ ਵਿਕਸਾਇਕ ਨੇ। ਅੰਮ੍ਰਿਤ ਗੁਰਬਾਣੀ ਜਦ ਆਲਾਪਦੀ ਏ ਜੋ ਸੰਤ ਭਗਤ ਜਸ ਗਾਵਣ ਤਦ ਮਨ ਰੂਪੀ ਵਿਕਾਰੀ ਕੜ ਟੁਟ ਅੰਮ੍ਰਿਤ ਅਕ-ਸੀਰਾਂ ਦੇ ਫੈਲਾਓ ਸਦਕਾ ਬਸੰਤ ਤੇ ਹਰਿਆਲੀ ਦਾ ਸੁਮੇਲ ਹੁੰਦਾ ਏ ਤੇ ਪੂਰਨ ਪਰਮਾਨੰਦ ਦੇ ਗੁਣ, ਕੀਰਤਨ ਦੀਆਂ ਧੁਨਾਂ 'ਚ ਲਪਟਾਂ ਮਾਰਦੇ "ਵਾਹੁ ਵਾਹੁ" ਦਾ ਪਸਾਰਾ ਕਰਦੇ ਹੈਨ ਅਰਥਾਤ ਕੁਦਰਤ ਦੀਆਂ ਦੋ ਧਾਰਾਵਾਂ ਗੁਰਮਤ ਗੁਰਬਾਣੀ ਦਾ ਅਨਿਖੜਵਾਂ ਅੰਗ ਬਣ "ਵਾਹੁ ਵਹੁ' ਅਰਥਾਤ ਕਾਦਰ ਤੇ ਕੁਦਰਤ ਨਾਲ ਸੁਮੇਲ ਕਰਦੇ ਨੇ।

ਜੇ ਕੁਦਰਤ-ਮੌਸਮੀ—ਬਸੰਤ ਦਾ ਆਗਮਨ ਤੇ, ਪੱਤੇ, ਬ੍ਰਿਛ, ਜੀਵ-ਜੰਤੂ, ਫੁਲ-ਫੱਲ ਆਦਿ ਮੌਲਦੇ ਨੇ ਤਾਂ ਕਾਦਰ ਦੀ ਬਸੰਤ ਸਦਕਾ ਹਰਿਆਲੀ ਭਰੇ ਖੇੜੇ 'ਚ ਗਲਤਾਨ ਹੋਏ ਗੁਰਮਤ-ਹੁਲਾਰੇ ਟਹਿਕਾਂ ਮਾਰ ਮਾਰ ਗੁਰਮਤ-ਰੱਸ ਗੱਟ ਗੱਟ ਪੀ ਮਜਲਸਾਂ ਚ ਨਾਮ-ਖੁਮਾਰੀਆਂ ਤੇ ਸਾਕੀ ਲਭਦੇ ਨੇ ਤੇ ਦੀਵਾਨੇ ਬਣ, ਅਕਾਲ ਦੇ ਨੇਹੁ'ਚ ਆਪਣੀ ਅਪਣਤ ਵਾਰ ਹਰਿ ਕੀਰਤਨ ਮਈ ਮੰਗਲਾਚਾਰ ਰੱਚ ਹਰਿ ਗੁਣ ਗਾਂਵਦੇ ਨੇ ਤੇ ਜਦ ਕਾਦਰ ਤੇ ਕੁਦਰਤ ਦੀ ਬਸੰਤ ਇਕਠੀਆਂ ਮੌਲਦੀਆਂ ਨੇ ਤਾਂ ਜਜ਼ਬੇ-ਮਤੀ ਹੂਕ ਜਿਹੀ, ਗੁਰਬਾਣੀ ਖਿਲੇਰਦੀ ਏ।

"ਅਬ ਕਲੂ ਆਇਓ ਰੇ ॥
ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੁਤਿ ਨਾਹੀ ਨਾਹੀ
ਮਤੁ ਭਰਮਿ ਭੂਲਹੁ ਭੂਲਹੁ ॥
x x x
ਮਨ ਰੁਤਿ ਨਾਮ ਰੇ
ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ ॥੨॥੧੮॥"
(ਬਸੰਤ ਮਹਲਾ ੫)

ਇਹ ਹੂਕ ਫਿਰ ਵਲਵਲਾ ਫੜ ਮਨ-ਕੰਠਾ ਵਸ ਕਰਨ ਲਈ ਉਤੇਜਤ ਹੁੰਦੀ ਏ :

ਤੁਮ ਸਾਚੁ ਧਿਆਵਹੁ ਮੁਗਧ ਮਨਾ।
ਤਾ ਸੁਖੁ ਪਾਵਹੁ ਮੇਰੇ ਮਨਾ ॥੧॥ਰਹਾਉ॥
ਇਤੁ ਮਨਿ ਮਉਲਿਐ ਭਇਆ ਅਨੰਦੁ ॥
ਅੰਮ੍ਰਿਤ ਫਲੁ ਪਾਇਆ ਨਾਮੁ ਗੋਬਿੰਦ ॥
(ਬਸੰਤ ਮਹਲਾ ੩)

ਇਹੀ ਗੁਰਮਤ-ਗੁਰਬਾਣੀ ਮਾਨਸਿਕ-ਕੁਦਰਤ ਚਿਤ੍ਰਣ ਲਗੀ।

"ਕਰਮ ਪੇਡੁ, ਸਾਖਾ ਹਰੀ, ਧਰਮੁ ਫੁਲੁ, ਫਲੁ, ਗਿਆਨੁ ॥
ਪਤ ਪਰਾਪਤਿ ਛਾਵ ਘਣੀ, ਚੂਕਾ ਮਨ ਅਭਿਮਾਨੁ ॥੧॥
(ਬਸੰਤ ਮਹਲਾ ੨ ਘਰ ੨ ਚਉਪਦੇ)

ਰਾਮਾਨੰਦ ਜੀ ਨਾਮ-ਰਸ ਖਾ ਅਲਾਪ ਉਠੇ :

"ਕਤ ਜਾਈਐ ਰੇ ਘਰ ਲਾਗੋ ਰੰਗੁ।
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥
(ਬਸੰਤ ਰਾਮਾਨੰਦ ਜੀ ਘਰ ੧)

ਅੰਮ੍ਰਿਤ-ਗੁਰਬਾਣੀ ਆਪਣੇ ਨਿਰਣੇ ਮਈ ਅਕਸੀਰਾਂ ਚੋਂ ਦਰਸਦੀ ਏ ਜੋ ਕਾਦਰ ਦੀ ਬਸੰਤ ਤੁਹਾਡੇ ਮਨ'ਚ ਜਦੋਂ ਮੌਲੇਗੀ-ਕੰਤ ਪ੍ਰਮੇਸਰ ਤੁਹਾਨੂੰ ਸੁਹਾਗਣ ਬਣਾ ਤੁਹਾਡਾ ਆਪਾ ਆਪਣੇ ਕਲਾਵੇ ਵਿਚ ਸਮੇਟ ਗੁਰਮਤ ਖੇੜਾ ਖਿੜਦਾ



www.AKJ.Org

ਤੁਹਾਨੂੰ ਖਿੜਾਏਗਾ ਤੇ ਤੁਹਾਡੇ ਸਹਿਜ ਮੋੜ, ਮਾਨਸਿਕ-ਵਹਿਣ ਤੇ ਗੁਰਮਤ-ਵੇਗ ਐਸੇ ਵਿਕਸਣਗੇ ਜੁ ਤੁਸੀਂ ਕਪਟ ਸਖਣੇ ਹੋ ਅੰਤਰ-ਆਤਮੈ ਨਿਰਮਲੋ ਨਿਰਮਲ ਜਾਣ ਹਰਿਆਵਲ ਪਸਰੀ ਤੁਹਾਨੂੰ ਚੌਪਾਸੇ ਨਜ਼ਰੀਂ ਆਏਗੀ। ਇਹ ਸੰਸਾਰ ਦੇ ਕੁੜਾਵੇ ਦੌਰ ਤੇ ਤੌਰ ਬਦਲਦੇ ਪ੍ਰਤੀਤ ਹੋਣਗੇ ਤੇ ਤੁਹਾਡਾ ਮਨ ਕਲ-ਕਲੇਸਾਂ ਤੋਂ ਮੁਕਤ ਹੋ ਅਵਰ-ਭਲਾ ਸੰਸਾਰ ਜਤਾ, ਸਹਸਾ-ਹੀਣ ਹੋ ਤੁਹਾਡੇ ਜ਼ਿੰਦਗੀ ਦੇ ਕਦਮ ਬਚੇ ਰਹਿਣਗੇ ਹਮੇਸ਼ਾ ਅਪਦਾ ਦੀ ਅੱਗ ਪਾਸੋਂ। ਗੁਰਬਾਣੀ ਹੋਰ ਦਰਸਦੀ ਏ ਜੁ ਅਕਾਲ ਪ੍ਰੀਤਮ ਪ੍ਰਮੇਸ਼ਰ, ਸਾਡੇ ਮਾਨਸਿਕ ਹਰੇ ਜਾਂ ਸੁੱਕੇ। ਜੇ 'ਸੁਕੈ ਤਾਂ ਹਰਾ ਕਰ ਨਾਮ ਰਸ ਰੂਪੀ ਗੁਰਮਤ ਅੰਮ੍ਰਿਤ ਛਿੜਕ' ਬਾਗ ਦਾ ਮਾਲਕ ਏ।

"ਆਪਿ ਬਸੰਤੁ ਜਗਤੁ ਸਭੁ ਵਾੜੀ ॥
ਨਾਨਕ ਪੂਰੈ ਭਾਗਿ ਭਗਤਿ ਨਿਰਾਲੀ ॥੪॥੫॥੧੭॥"
(ਬਸੰਤ ਮ: ੩)

ਤੇ ਉਹ ਕ੍ਰਿਪਾ ਦ੍ਰਿਸ਼ਟੀ ਜਦ ਮੂਰਖਾਂ ਸਿਰ ਮੂਰਖ ਤੇ ਵੀ ਪ੍ਰਵਾਨ ਕਰਦਾ ਏ ਤਾਂ ਮਨ ਫਲਾਂ ਤੇ ਫੁਲਾਂ ਟਹਿਕਦੇ ਗੁਰਮਤ ਹੁਲਾਰਿਆਂ ਦੇ ਲੱੜ ਲੱਗ ਰੁਮਕ ਉਠਦੇ। ਮਨ ਬਾਗਵਾਨ ਬਣਿਆ, ਬਾਗ ਬਾਗ ਹੋ ਅੰਤਰ ਆਤਮੈ ਫੁਲਾਂ ਤੇ ਫਲਾਂ ਦੀ ਸਤਿਗੁਰੂ ਬਖਸ਼ੀ ਹਰਿਆਲੀ ਸਮੋਇਆ ਗੁਰਮਤ ਮਜਲਸਾਂ ਤੇ ਜਾਣ ਲਈ ਬੇਵੱਸ ਹੋ ਜਾਂਦਾ ਏ ਤੇ ਲਭਦਾ ਸੰਗਤ ਨਾਮ ਦੇ ਸਾਕੀਆਂ ਦੀ ਜੋ ਉਸਨੂੰ ਪੰਜ ਪਿਆਰਿਆਂ ਦੇ ਰੂਪ'ਚ ਅੰਮ੍ਰਿਤ ਦਾ ਬਾਟਾ ਛਕਾ ਉਸਦਾ ਅਕਸੀਰ ਨਾਮ ਦੇ ਰਸ ਭਿੰਨੇ ਚੋਜਾਂ 'ਚ ਗਲਤਾਨ ਕਰ ਉਸਦਾ ਮਨ ਤਨ ਮਸਤ ਅਲਮਸਤ ਕਰ ਦਿੰਦੇ ਨੇ ਤੇ ਉਹ ਬਉਰਾ ਬਣ ਵਿਲਖਣ ਧਾਰਾਵਾਂ ਅਪਣਾਅ, ਹਉਮੈ ਸੁਭਾਵ ਤਿਆਗ ਸਾਰੇ ਜਗ ਦੇ ਵਾੜੀ "ਬਸੰਤ ਕਾਦਰ-ਕਰਤਾ ਦੇ ਸ਼ੁਕਰ ਸ਼ੁਕਰ'ਚ ਹੀ ਆਪਨੀ ਜ਼ਿੰਦਗੀ ਦੇ ਬਾਕੀ ਪਲ ਸੁਖੈਨਤਾ ਨਾਲ ਬਿਤਾਉਂਦਾ ਏ। ਪਖੰਡ, ਨੰਗੇਜ ਜਾਂ ਕਪਟ ਉਸਦੇ ਆਸੇ ਪਾਸੇ ਨਹੀਂ ਢੁਕਦੇ। ਉਹ ਆਨਮਤੀਆਂ ਦੇ ਦੁਆਰਿਆਂ ਤੋਂ ਹਰਦਮ ਨਿਖੜਿਆ ਰਹਿੰਦੇ ਤੇ ਆਪਣੇ ਸਤਿਗੁਰੂ ਨਾਲ ਅਭੇਦ ਹੱ-ਅਰਜੋਈਆਂ ਦਾ ਸਾਕਾਰ ਰੂਪ ਬਣ ਪੱਤ ਰਖਣ ਲਈ ਸ਼ੁਕਰਾਨੇ ਭਰੇ ਤਰਲੇ ਤੇ ਜੋਦੜੀਆਂ ਦਾ ਆਸਰਾ ਲੈਂਦਾ ਏ। ਐਸ਼-ਪ੍ਰਸਤੀ ਜਾਂ ਵਿਲਾਸ ਮਈ ਰੋਗ ਉਹ ਆਪਣੀ ਸਿਰੜ ਗੂੰਜ ਹੇਠਾਂ ਅਸੂਲ ਧਾਰਾਵਾਂ ਅਗੇ ਭੱਠ ਸਮਝ, ਸਚਾਈ ਤੇ ਉਸਦੇ ਪੁਜਾਰੀ ਦੀ ਹਰਦਮ ਸੰਗਤ ਹੇਠਾਂ ਸਚਿਆਰ ਬਿਬੇਕੀ ਸਿੰਘ ਬਣ ਹਰਦਮ ਹਰਪਲ ਸਾਵਧਾਨ ਰਹਿੰਦਾ ਏ।

ਗਲ ਕੀ ਨਾਮ ਦੇ ਸਾਕੀਆਂ ਦੀਆਂ ਅੰਮ੍ਰਿਤ-ਵੰਡਦੀਆਂ ਮਜਲਸਾਂ ਗੁਰਮਤ ਦਾ ਸੋਮਾ ਨੇ ਗੁਰਮਤ ਹਰਿਆਵਲ ਦਾ—ਹਰਿਆਵਲ ਕਾਦਰ ਦੀ ਬਸੰਤ ਦੀ,ਤੇ ਕਾਦਰ ਦੀ ਬਸੰਤ ਨਾਮ ਦੇ ਸਾਕੀਆਂ ਦੀ ਤੇ ਨਾਮ ਦੇ ਸਾਕੀ ਤ੍ਰਿਪਤਾਸ ਹੋਏ ਹੀ, ਬਸੰਤ, ਕਿਸੇ ਮਨਮੁਖੀ ਹਿਰਦੇ ਪ੍ਰਵੇਸ਼ ਕਰ, ਤਨ ਮਨ ਉਹਦਾ ਉਜਿਆਰਾ ਕਰਦੇ ਨੇ ਤੇ ਜਨਮ ਮਰਨ ਦੇ ਗੇੜ ਦੀ ਬਜਾਏ ਉਪਰੋਕਤ ਗੇੜ ਦਾ ਹੀ ਜ਼ਿੰਦਗੀ ਦੀ ਸਥਾਈ ਲੀਹਾਂ ਵਿਚਕਾਰ ਗਾਡੀ ਰਾਹੁ ਸਥਾਪਤ ਕਰਦੇ ਨੇ। ਨਿਚੋੜ ਵਜੋਂ, "ਹਰਿਆਵਲੇ ਰਾਜਾ ਰਾਮ ਕੇ ਮੰਗਲ", "ਕਾਦਰ ਦੀ ਬਸੰਤ" ਤੇ "ਨਾਮ ਦੇ ਸਾਕੀ" ਇਹ ਤਿੰਨ ਇਕ ਅਜੇਹਿਆਂ ਧਾਰਾਵਾਂ ਨੇ ਜੋ ਆਪਸ'ਚ ਨਿਖੇੜੀਆਂ ਨਹੀਂ ਜਾ ਸਕਦੀਆਂ। ਤੇ ਇਕ ਦੀ ਅਣਹੋਂਦ



www.AKJ.Org

ਬਾਕੀਆਂ ਦੇ ਖਾਤਮੇ ਦੀ ਵੀ ਸੂਚਕ ਏ। ਕਿਉਂਕਿ ਕਾਦਰ ਦੀ ਬਸੰਤ ਸੀਮਤ ਏ ਨਾਮ ਦੇ ਸਾਕੀਆਂ ਤੇ ਹਰਿਆਵਲੇ ਰਾਮ ਕੇ ਜਸੈ ਨਾਮ ਦੇ ਸਾਕੀ ਉਪਜਦੇ ਨੇ ਜੋ ਅੰਮ੍ਰਿਤ ਦਾ ਬਾਟਾ ਛਕਾ ਤੇ ਛੱਕ ਜ਼ਿੰਦਗੀਆਂ ਯਥਾਰਥ ਦਾ ਧੁਰਾ ਬਣਾ ਜ਼ਿੰਦਗੀਆਂ ਕਪਟ ਤੋਂ ਰਹਿਤ ਰਖ, ਮਨਮਤਵਾਦ ਦਾ ਨਾਮੋ ਨਿਸ਼ਾਨ ਮਿਟਾ ਕਲਯੁਗ ਉਧਾਰ ਕਲੀ-ਕਾਲ ਦੀ ਕਲਾ ਪ੍ਰਗਟਦੇ ਨੇ।

ਦੂਜੇ ਲਫਜ਼ਾਂ ਵਿਚ ਹਰਿਆਵਲੇ ਰਾਜਾ ਰਾਮ ਕੇ ਮੰਗਲ ਕੀਰਤਨ ਦੀਆਂ ਵਾਹ ਵਾਹ ਲਪਟਾਂ ਗੁਰਬਾਣੀ ਦਾ ਵਲਵਲਾਤਸ਼ਿਕ ਰਹਸ—ਮਈ ਨਿਕਾਸ ਤੇ ਉਲਝਣ ਸੁਲਝਣ ਦਾ ਸਾਕਾਰ ਰੂਪ ਨੇ। ਬੇਅੰਤ ਹਰਿਆਵਲ ਬਖਸ਼ ਤੇ ਬੇਅੰਤ ਹੀ ਹਰਿਆਵਲੇ ਮੰਗਲ ਬਖਸ਼ ਹਰਿਆ ਕਰਦੀ ਏ ਉਸ ਜੰਤ ਨੂੰ ਜੋ ਦਿਨ ਰਾਤ ਨਾਮ ਖੁਮਾਰੀਆਂ ਮਾਨ ਅਕਾਲ ਦੇ ਗੜੂਚ ਰਹਿ ਨਿਕਲੀਆ ਗੁਰਮਤ ਟਹਿਕਦੀਆਂ ਰੂਹਾਂ ਦਾ ਸਾਕਾਰ ਰੂਪ ਨੇ, ਵਿਰਲੀਆਂ ਗੁਰਮਤ ਟਹਿਕਦੀਆਂ। ਰੂਹਾਂ ਦਾ ਸਾਕਾਰ ਰੂਪ ਨੇ।

ਦਿਨੁ ਰੈਣਿ ਜਿਸੁ ਨ ਵਿਸਰੈ,
ਸੋ ਹਰਿਆ ਹੋਵੈ ਜੰਤੁ ॥ ੩ ॥
(ਮਾਝ ਮ: ੫ ਦਿਨ ਰੈਣਿ)

ਸਪਸ਼ਟ ਏ ਕੇ ਹਰਿਆਵਲ ਸੁਖੀ ਤੇ ਸਾਵੀਂ ਪਧਰੀ ਅਗਿਆਤਮਕ ਜ਼ਿੰਦਗੀ ਦੀ ਫਿਲਾਸਫੀ ਦਾ ਮੂਲ ਏ ਤੇ ਇਸ ਹਰਿਆਵਲ ਦੀ ਪ੍ਰਾਪਤੀ ਭਾਈ 'ਗੁਰਦਾਸ' ਦੇ ਨਾਮ ਅਨੁਸਾਰ ਸਿਲ- ਅਲੂਣੀ ਚਟਣ ਤੋਂ ਸਿਵਾ ਨਹੀਂ ਜੇ ਹੁੰਦੀ ਤੇ ਹਰਿਆਵਲ ਹੇਠ ਜ਼ਿੰਦਗੀ ਭੂਤਾਂ ਪ੍ਰੇਤਾਂ ਤੋਂ ਵੀ ਮਾੜੀ ਜ਼ਿੰਦਗੀ ਏ ਜੋ ਜ਼ਿੰਦਗੀ ਦੇ ਸਭ ਅਣੂਆਂ ਨਾਲ ਧੋਖਾ ਸਾਬਤ ਹੋ ਅਕਸਰ ਜੀਵਨ ਘੋਲਾਂ ਚ' ਵਿਨਾਸ਼ਮਈ ਘੋਲ ਦਰਸਦੀ ਏ।

ਸੋ ਮੰਗਲਾ ਚਾਰਾਂ ਦੀ ਦੇਣ, ਹਰਿਆਵਲ, ਗੁਰਮਤ ਲਾਈਆਂ ਪ੍ਰੀਤਾਂ ਦੀ ਪਹਿਰੇਦਾਰ ਏ।

# ਸੂਰਾ ਅੰਕ

ਗੁਰਪੁਰਵਾਸੀ **ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ** ਦੀ ਸਾਲਾਨਾ ਯਾਦ ਹਿਤ ਅਪਰੈਲ ੧੯੬੭ ਦਾ ਪਰਚਾ **"ਸੂਰਾ ਅੰਕ"** ਪ੍ਰਕਾਸ਼ਤ ਕੀਤਾ ਜਾਵੇਗਾ

ਲੇਖਕ ਵੀਰਾਂ ਅਗੇ ਬੇਨਤੀ ਹੈ ਕਿ ਭਾਈ ਸਾਹਿਬ ਦੇ ਜੀਵਨ ਸਬੰਧੀ ਲੇਖ ਜਾਂ ਬਰਤਾਂਤ ਛੇਤੀ ਤੋਂ ਛੇਤੀ ਭੇਜਣ ਤਾਂ ਕਿ ਉਹ ਖਾਸ ਅੰਕ ਵਿਚ ਛਾਪੇ ਜਾ ਸਕਣ। ਜਿਹੜੇ ਗੁਰਮੁਖ ਪਿਆਰੇ ਅਜੇ ਤਕ ਸੂਰਾ ਦੇ ਮੈਂਬਰ ਨਹੀਂ ਬਣੇ ਉਹ ਵੀ **'ਸੂਰਾ ਅੰਕ'** ਜ਼ਰੂਰ ਪੜ੍ਹਨ ਦੀ ਖੇਚਲ ਕਰਨ।

ਦਾਸ
ਮੈਨੇਜਰ ਸੂਰਾ



www.AKJ.Org

# ਲਗਾਂ-ਮਾਤਰਾਂ-ਦੀ ਮਹੱਤਤਾ

( ਭਾਈ ਮਾਲਿਕ ਸਿੰਘ ਜੀ B.Sc. ਕਾਨਪੁਰ)

ਗੁਰਬਾਣੀ ਅਥਾਹ ਸਮੰਦ੍ਰ ਦੀ ਤਰਾਂ ਗੰਭੀਰ ਅਤੇ ਗੋੜ ਭਾਵਾਂਯੁਕਤ ਹੈ। ਇਸ ਦੇ ਅਰਥਾਂ ਅਥਵਾ ਭਾਵਾਂ ਨੂੰ ਸਮਝਣਾ ਇਕ ਅਲਪੱਗ ਬੁਧੀ ਦੀ ਗਮਤਾ ਤਾਂ ਹੋ ਹੀ ਕੀ ਸਕਦੀ ਹੈ ਬਲਕਿ ਇਸ ਅਹੰਮਾਤੇ, ਪੰਜ ਭੂਤਕ ਸਰੀਰ, ਤੋਂ ਤਾਂ ਇਸ ਮਹਾਨ ਗੁਰਬਾਣੀ ਦਾ ਸੁਧਾਈ ਨਾਲ ਪਾਠ ਕਰਨਾ ਅਥਵਾ ਪੜ੍ਹਨਾ ਭੀ ਅਸੰਭਵ ਹੈ। ਇਸਦਾ ਸਹੀ ਉਚਾਰਨ, ਅਰਥ ਬੋਧ; ਭਾਵਾਂ ਦੀ ਗਹਿਰਾਈ ਤਾਂ ਉਹ ਗੁਰ ਕਰਤਾਰ ਰਚਨ ਹਾਰ ਆਪ ਹੀ ਜਾਣਦਾ ਹੈ ਪਰ ਫੇਰ ਭੀ ਅਪਨੀ ਅਪਨੀ ਬੁਧੀ ਅਨੁਸਾਰ "ਆਪ ਆਪਨੀ ਬੁਧ ਹੈ ਜੇਤੀ ॥ ਬਰਨਤ ਭਿੰਨ ਭਿੰਨ ਤੋਹਿ ਤੇਤੀ ।" ਹਰ ਇਕ ਦਾ ਫਰਜ਼ ਹੈ ਕਿ ਜਿਤਨਾ ਹੋ ਸਕੇ ਇਸ ਨੂੰ ਸ਼ੁਧ ਪੜਨ ਦਾ ਯਤਨ ਕਰੇ। ਗੁਰਬਾਣੀ ਦਾ ਸਹੀ ਸਹੀ ਉਚਾਰਨ ਕਰਨ ਖਾਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਬਾਣੀ ਨੂੰ ਪਦ-ਛੇਦ ਕਰ ਕੇ ਲਿਖਨ ਦਾ ਕਾਫੀ ਯਤਨ ਕੀਤਾ ਹੈ ਪਰ ਦੇਖਨ ਵਿਚ ਆਉਂਦਾ ਹੈ ਕਿ ਪਦ ਛੇਦ ਦੀਆਂ ਪਵਿਤ੍ਰ ਬੀੜਾਂ ਅਤੇ ਗੁਟਕੇ ਹੋਨ ਦੇ ਬਾਵਜੂਦ ਭੀ ਅਸੀਂ ਲੋਕ ਗੁਰਬਾਣੀ ਨੂੰ ਗਲਤ ਉਚਾਰਨ ਕਰਦੇ ਹਾਂ।

ਹਕੀਕਤ ਤਾਂ ਇਹ ਹੈ ਅਸੀਂ ਗੁਰਮੁਖੀ ਲਿਪੀ ਨੂੰ ਇਤਨਾ ਨੀਵਾਂ ਦਰਜਾ ਦਿਤਾ ਹੈ ਕਿ ਅਸੀਂ ਸਕੂਲਾਂ ਵਿਖੇ ਪੰਜਾਬੀ ਮਜ਼ਮੂਨ (Subject) ਅਪਨੇ ਬਚਿਆਂ ਨੂੰ ਪੜ੍ਹਾਨ ਤੋਂ ਝਿਜਕਦੇ ਹਾਂ ਅਤੇ ਬਚਿਆਂ ਨੂੰ ਅੰਗ੍ਰੇਜ਼ੀ ਸਕੂਲਾਂ ਵਿਚ ਦਾਖਲ ਕਰਵਾਨ ਦਾ ਵਧੇਰੇ ਸ਼ੌਕ ਰਖਦੇ ਹਾਂ ॥ ਖਾਸ ਤੌਰ ਤੇ ਮਾਇਆ ਧਾਰੀ ਤਬਕੇ ਦੇ ਲੋਕ, ਧਨਾਢ ਅਥਵਾ ਪੂੰਜੀ ਪਤੀਆਂ ਕੋਲੋਂ ਇਹ ਸੁਨਨ ਨੋ ਮਿਲਦਾ ਹੈ ਕਿ ਊੜਾ ਐੜਾ ਆਪੇ ਬਚਾ ਵਡਾ ਹੋ ਕੇ ਪੜ ਲਏਗਾ ਅਤੇ ਅੰਗ੍ਰੇਜ਼ੀ ਅਤੇ ਹਿੰਦੀ ਵਿਚ ਬਚੇ ਨੂੰ ਹੁਸ਼ਿਆਰ (Strong) ਬਣਾ ਦੇਉ। ਬਚੇ ਦੀ ਅੰਗ੍ਰੇਜ਼ੀ ਅਤੇ ਹਿੰਦੀ ਵਧਾਨ ਖਾਤਰ ਹਰ ਇਕ ਜਤਨ ਕੀਤਾ ਜਾ ਰਿਹਾ ਹੈ ਇਥੋਂ ਤਕ ਦੇਖਨ ਵਿਚ ਆਇਆ ਹੈ ਕਿ ਸਿਖ ਘਰਾਣਿਆਂ ਵਿਚ, ਘਰਾਂ ਵਿਚ ਬਚੇ ਨਾਲ, ਪੰਜਾਬੀ ਬੋਲੀ ਛਡਕੇ ਮਾਤਾ ਪਿਤਾ ਹਿੰਦੀ ਅਤੇ ਅੰਗ੍ਰੇਜ਼ੀ ਵਿਚ ਗਲਾਂ ਬਾਤਾਂ ਕਰਦੇ ਹਨ। ਕੀ ਐਸੀ ਹਾਲਤ ਵਿਚ ਕੋਈ ਇਹ ਅੰਦਾਜ਼ਾ ਲਾਨਾ ਅਉਖਾ ਹੈ ਕਿ ਐਸੇ ਬਚੇ ਵਡੇ ਹੋ ਕੇ ਪੰਜਾਬੀ ਬੋਲੀ ਦੀ ਵਿਰੋਧਤਾ ਨਹੀਂ ਕਰਨਗੇ। ਇਥੇ ਹੀ ਬਸ ਨਹੀਂ ਕਈਆਂ ਵਡੀਆਂ ਸੁਸਾਇਟੀਆਂ ਵਿਚ ਵਿਚਰਨ ਵਾਲੇ ਤਾਂ ਇਹ ਕਹਿਨੋ ਵੀ ਨਹੀਂ ਸੰਕੋਚਦੇ ਕਿ ਅਸੀਂ ਕੇਹੜਾ ਬਚੇ ਨੂੰ ਭਾਈ, ਗ੍ਰੰਥੀ ਯਾ ਰਾਗੀ ਬਨਾਉਨਾ ਹੈ। ਕਿਤਨੀ ਹੋਛੀ ਦਲੀਲ ਹੈ।



www.AKJ.Org

ਜਿਸ ਗੁਰੂ ਕੀ ਬਾਣੀ, ਧੁਰ ਕੀ ਬਾਣੀ, ਕਰਤਾਰ ਦੀ ਰਚੀ ਬਾਣੀ, ਰੰਗ ਰਤੀ ਬਾਣੀ, ਮਿਠੀ ਤੇ ਕੋਮਲ ਬਾਣੀ, ਹਲਤ ਪਲਤ ਦੀ ਰਖਿਅਕ ਬਾਣੀ, ਨੇ ਅਪਨੀ ਖੁਸ਼ਬੂ ਨਾਲ ਰੋਸ਼ਨ ਮੁਨਾਰ ਬਨ ਕੇ ਸਾਡੇ ਜੀਵਨ ਦੇ ਹਰ ਪਹਿਲੂ ਵਿਚ ਠੀਕ ਚਲਨ ਲਈ, ਜੀਵਨ ਦੇ ਮਨੋਰਥ ਨੂੰ ਸਮਝਨ ਲਈ, ਜਿਸ ਆਤਮੇ ਦੀ ਪਹਿਚਾਨ ਕਰਾਨ ਲਈ ਸਹਾਇਕ ਹੋਨਾ ਹੈ ਉਸ ਧੁਰ ਦਰਗਾਹ ਤੋਂ ਆਈ ਬਾਣੀ ਅਸਾਂ ਲੋਕਾਂ ਨੇ ਕੇਵਲ ਭਾਈਆਂ, ਗ੍ਰੰਥੀਆਂ, ਪ੍ਰਚਾਰਕਾਂ ਰਾਗੀਆਂ ਦੇ ਜ਼ਿਮੇ ਉਨ੍ਹਾਂ "ਰੋਟੀਆਂ ਕਾਰਣਿ ਪੂਰਹਿ ਤਾਲ" ਮਹਜ਼ ਪੇਟ ਪਾਲਨ ਦੀ ਖਾਤਰ ਇਕ ਬਿਜ਼ਨਸ (Busseness) ਲਈ ਸਮਝ ਛੋੜਿਆ ਹੈ।

ਨਹੀਂ ਨਹੀਂ ਐਸਾ ਨਹੀਂ। ਗੁਰਮੁਖੋ ਇਹ ਮਹਾਨ ਗੁਰਬਾਣੀ ਸਾਡੇ ਪ੍ਰਾਣੀ ਮਾਤ੍ਰ ਲਈ ਹੈ। ਜੇ ਅਸੀਂ ਮਨੁਖਾ ਧਾਰਕ ਕੀਤੀ ਹੋਈ ਦੇਹੀ ਵਾਲਿਆਂ ਨੇ ਨਹੀਂ ਪੜ੍ਹਨੀ ਤਾਂ ਕੀ ਪਸ਼ੂ, ਪੰਖੀਆਂ ਤੇ ਹੋਰ ਜਾਨਵਰਾਂ ਨੇ ਪੜ੍ਹਨੀ ਹੈ। ਇਸ ਲਈ ਪਿਆਰਿਉ ਆਉ ਇਸ ਮਹਾਨ ਗੁਰਬਾਣੀ ਦਾ ਵਧ ਤੋ ਵੱਧ ਸਤਿਕਾਰ ਕਰੀਏ ਤੇ ਇਸਦੇ ਭਾਵਾਂ ਨੂੰ ਹਿਰਦੇ ਵਿਚ ਵਸਾਈਏ। ਜੋ ਜਿਤਨਾ ਇਸ ਨੂੰ ਸਮਝੇ ਗਾ; ਖੋਜ ਕਰੇਗਾ, ਜੀਵਨ ਤੇ ਘਟਾਏਗਾ ਉਤਨਾ ਹੀ ਉਸਨੂੰ ਨਿਜ ਆਤਮੇ ਦੀ ਪਹਚਾਨ, ਅਤੇ ਗਿਆਨ ਦੀ ਪ੍ਰਾਪਤੀ ਹੋਇਗੀ । ਇਸ ਲਈ "ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਨਹੁ ਗੁਰ ਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਇ ॥ ਅਥਵਾ ਗੁਰਬਾਣੀ ਇਸੁ ਜਗ ਮਹਿ ਚਾਨਣੁ, ਕਰਮਿ ਵਸੈ ਮਨ ਆਇ ॥ ਇਹਨਾਂ ਮਹਾਨ ਪੰਥ ਪ੍ਰਦਸ਼ਕ ਵਾਕਾਂ ਅਨੁਸਾਰ, ਅਸੀਂ ਗੁਰਬਾਣੀ ਨੂੰ ਠੀਕ ਠੀਕ ਸਮਝਨ ਦਾ ਯਤਨ ਕਰੀਏ। ਗੁਰਬਾਣੀ ਨੂੰ ਸਮਝਣ ਲਈ ਅਸੀਂ ਪਹਿਲਾਂ ਗੁਰਬਾਣੀ ਦਾ ਪਾਠ ਸਹੀ ਸਹੀ ਉਚਾਰਨ ਕਰਨਾ ਸਿਖਨਾ ਹੈ। ਜਦ ਅਸੀਂ ਉਚਾਰਨ ਕਰਨ ਵਿਚ ਸਫਲ ਹੋ ਜਾਵਾਂਗੇ ਤਾਂ ਫੇਰ ਸ਼ਬਦਾਂ ਦੇ ਭਾਵਾਂ ਨੂੰ ਸਮਝਨ ਵਿਚ ਕਾਫੀ ਮਦਦ ਮਿਲੇਗੀ।

ਆਉ ਜ਼ਰਾ ਝਾਤੀ ਮਾਰੀਏ ਅਪਨੇ ਹਿਰਦੇਸਥਲ ਅੰਦਰ ਕਿਧਰੇ ਅਸੀਂ ਅਸ਼ੁਧ ਪੜ੍ਹਨ ਨਾਲ ਅਰਥ ਦਾ ਅਨਅਰਥ ਤੇ ਨਹੀਂ ਕਰ ਰਹੇ, ਕਿਧਰੇ ਆਪਣੇ ਸਿਰ ਪੁੰਨ ਦੇ ਬਦਲੇ ਪਾਪ ਤਾਂ ਨਹੀਂ ਚੜ੍ਹਾਈ ਜਾ ਰਹੇ, ਕਿਧਰੇ ਕਰਤੇ ਕੀ ਮਿਤਿ ਕਰਤਾ ਜਾਣੈ, ਕੈ ਜਾਣੈ ਗੁਰ ਸੂਰਾ ਵਾਲੀ ਮਿਸਾਲ ਸਾਡੇ ਤੇ ਤਾਂ ਨਹੀਂ ਘਟਦੀ ਜਾ ਰਹੀ। ਉਸ ਗੁਰਸਿਖ ਨੂੰ ਤਾਂ ਕੇਵਲ ਕੈ ਦੇ ਬਦਲੇ ਕੇ ਪੜ੍ਹਨ ਖਾਤਰ ਮੂੰਹ ਤੇ ਚੰਡਾਂ ਖਾਣੀਆਂ ਪਈਆਂ ਤੇ ਇਕ ਅਸੀਂ ਨਾਮ ਲੇਵਾ ਸਿਖ ਹਾਂ ਜੋ ਲਗਾਂ ਮਾਤ੍ਰਾਂ ਤਾਂ ਕਿਧਰੇ ਰਹੀਆਂ, ਪਾਠ ਕਰਨ ਲਗਿਆਂ ਹਰਫਾਂ ਦੇ ਹਰਫ ਸ਼ਬਦਾਂ ਦੇ ਸ਼ਬਦ ਪੰਕਤੀਆਂ ਦੀਆਂ ਪੰਕਤੀਆਂ ਖਾਈ ਅਥਵਾ ਛਡੀ ਜਾ ਰਹੇ ਹਾਂ ਅਤੇ ਫਿਰ ਵੀ ਅਖਵਾਂਦੇ ਹਾਂ ਅਪਨੇ ਆਪ ਨੂੰ ਸਰਟੀਫਾਈਡ ਗਿਆਨੀ, ਅਖੰਡ ਪਾਠੀ ਅਥਵਾ ਸ਼ੁਧ ਪਾਠੀ।

ਲਗਾਂ ਮਾਤ੍ਰਾਂ ਦੀ ਮਹੱਤਤਾ ਨੂੰ ਸਮਝਣ ਲਈ ਇਕ ਮੋਟੀ ਜੇਹੀ ਮਸਾਲ ਦੇਣੀ ਏਥੇ ਉਚਿਤ ਹੋਇਗੀ। ਇਕ ਮਿੰਟ ਲਈ ਅਸੀਂ ਕਿਸੇ ਵਿਦਿਆ ਪ੍ਰਬੀਨ ਪੰਡਿਤ ਦਾ ਨਾਮ ਬਦਰੀ ਪ੍ਰਸ਼ਾਦ ਜੀ ਰਖਦੇ ਹਾਂ। ਅਗਰ ਅਸੀਂ ਪ੍ਰੇਮ ਵਿਚ ਇਸ ਨੂੰ ਕਿਸੇ ਮਜਲਿਸ ਵਿਖੇ ਬਦਰੀ ਜੀ ਯਾ ਬਦਰੀ ਕਹੀਏ ਤਾਂ ਉਹ ਪੰਡਿਤ ਜੀ ਆਪਨੀ ਹਤਕ ਨਹੀਂ ਸਮਝਨਗੇ। ਜ਼ਰੂਰ ਸਮਝਨਗੇ। ਪਰ ਜੇਕਰ ਅਸੀਂ ਭਰੀ



www.AKJ.Org

ਮਜਲਸ ਵਿਚ ਜਲਦੀ ਜਲਦੀ ਵਿਚ ਬਬੇ ਤੇ ਬਿੰਦੀ ਲਾ ਕੇ ਬੁਲਾਈਏ ਤਾਂ ਲਫ਼ਜ਼ ਬਦਰੀ ਦੀ ਥਾਂ ਬੰਦਰੀ ਬਨ ਜਾਇਗਾ । ਜ਼ਰਾ ਕਿਸੇ ਬਦਰੀ ਪ੍ਰਸ਼ਾਦ ਨੂੰ ਬੰਦਰੀ ਕਹਿ ਕੇ ਦੇਖੋ ਤਾਂ ਸਹੀ । ਮੂੰਹ ਤੇ ਉਲਟੀਆਂ ਨ ਖਾਨੀਆਂ ਪੈਨ ਗੀਆਂ । ਚਾਹੇ ਅਸੀਂ ਉਸਨੂੰ ਪਏ ਕਹੀਏ ਕਿ ਸਾਡੇ ਮੂੰਹੋਂ ਨਿਕਲ ਗਿਆ ਹੈ ਯਾ ਜਲਦੀ ਵਿਚ ਕਹਿ ਗਏ ਹਾਂ । ਕੀ ਸਾਡੇ ਐਸੇ ਪ੍ਰੇਮ ਨੂੰ ਉਹ ਬਦਰੀ ਪ੍ਰਸ਼ਾਦ ਜੀ ਗਰਮ ਚਾਟਾ ਨਹੀਂ ਛਕਾਉਨਗੇ । ਤਾਂ ਤੇ ਇਸ ਮਸਾਲ ਤੋਂ ਲਗਾਂ ਮਾਤ੍ਰਾਂ ਦੀ ਮਹਤੱਤਾ ਭਲੀ ਭਾਂਤਿ ਸਪਸ਼ਟ ਹੋ ਜਾਂਦੀ ਹੈ । ਜੋ ਲੋਕੀ ਇਹ ਕਹਿੰਦੇ ਹਨ ਕਿ ਸਿਰਫ ਪ੍ਰੇਮ ਹੋਣਾ ਚਾਹੀਦਾ ਹੈ ਉਲਟਾ ਸਿਧਾ ਸਭ ਪੜ੍ਹੀ ਚਲੋ ਪ੍ਰਵਾਨ ਹੈ । ਉਹਨਾਂ ਸਜਨਾਂ ਦੀ ਇਹ ਬਹੁਤ ਵਡੀ ਭੁਲ ਹੈ ।

ਦਾਸ ਤੁਛ ਬੁਧਿ ਮੁਤਾਬਕ ਲਗਾਂ ਮਾਤ੍ਰਾਂ ਦੀ ਮਹਤਤਾ ਨੂੰ ਪ੍ਰਗਟਾਉਣ ਖਾਤਿਰ ਗੁਰਬਾਣੀ ਚੋਂ ਕੁਝ ਸਬਦਾਂ ਅਤੇ ਪੰਕਤੀਆਂ ਨੂੰ ਥਲੇ ਲਿਖਦਾ ਹੈ ਜਿਨਾਂ ਦਾ ਕਿ ਅਸੀਂ ਆਮ ਕਰ ਕੇ ਗਲਤ ਉਚਾਰਨ ਕਰਦੇ ਹਾਂ ।

**ੴ** ਇਹ ਮੰਤ੍ਰ ਗੁਰੂ ਸਿਖੀ ਦਾ ਬੀਜ ਮੰਤ੍ਰ ਹੈ ਤੇ ਇਸਦੀ, ਪਹਿਲ ਮੂਲ ਮੰਤ੍ਰ ਦੇ ਰੂਪ ਵਿਚ ਜੋ ਕਿ ਫੇਰ ਮੰਗਲਾਚਰਨ ਦੇ ਰੂਪ ਵਿਚ ਹਰ ਰਾਗ ਦੇ ਸ਼ੁਰੂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗਿਣਤੀ ਵਿਚ ੩੩ ਵਾਰੀ ਆਇਆ ਹੈ, ਵਯਾਖਯਾ ਕੀਤੀ ਗਈ ਹੈ । ਤੇ ਫੇਰ ਇਸੇ ਦੀ ਵਿਯਾਖਯਾ ਵਿਸਥਾਰ ਰੂਪ ਵਿਚ ੧੪੩੦ ਪੰਨਿਆਂ ਵਿਚ ਕੀਤੀ ਗਈ ਹੈ । ਇਹ ਬੀਜ ਮੰਤ੍ਰ ਸੂਖਸ਼ਮ (Short form) ਰੂਪ ਵਿਚ ੴ ਲਿਖਿਆ ਗਿਆ ਹੈ ਜਿਸ ਦਾ ਉਚਾਰਨ ਕੋਈ ਏਕਮਕਾਰ ਕਰਦਾ ਹੈ ਤੇ ਕੋਈ ਇਕਉਮਕਾਰ ਕਰਦਾ ਹੈ ਅਤੇ ਕਈ ਲੋਗ ਖਾ-ਮ-ਖਾ ਇਸ ਨੂੰ ਖਿਚ ਖਚਕੇ ਹਿੰਦੀ ਦੇ ਓਮ ਨਾਲ ਰਲਾਨ ਦਾ ਹੋਛਾ ਯਤਨ ਕਰ ਕੇ ਪਹਿਲਾਂ ਏਕਾ ਲਾਕੇ ਇਕਓਮ ਉਚਾਰਨ ਕਰਦੇ ਹਨ । ਇਸ ਦਾ ਸਹੀ ਉਚਾਰਨ ਸਤਿਗੁਰ ਜੀ ਗੁਰ ਬਾਣੀ ਅੰਦਰ ਕਈ ਜਗਾਹ ਕਰਦੇ ਹਨ । ਕੁਛ ਪਰੋੜਤਾ ਲਈ ਪ੍ਰਮਾਣ ਦੇਣੇ ਜ਼ਰੂਰੀ ਹਨ ।

੧ ਓਅੰਕਾਰ ਅਕਾਰੁ ਕਰਿ, ਪਉਣ ਪਾਣੀ
ਬੈਸੰਤਰ ਧਾਰੇ (ਵਾਰ ੪ ਪਉੜੀ ੧)

ਕ ਓਅੰਕਾਰ ਆਦਿ ਮੈ ਜਾਨਾ ॥
ਸਿਖ ਘਰੁ ਮੇਟਿ ਤਾਹਿ ਨ ਮਾਨਾ ॥
ਓਅੰਕਾਰ ਲਖੈ ਜਉ ਕੋਈ ॥
ਸੋਈ ਲਖਿ ਮੇਟਣਾ ਨ ਹੋਈ ॥
(ਬਾਵਨ ਅਖਰੀ ਪੰਨਾ ੩੪੦)

ਤਾਂ ਤੇ ਸਪਸ਼ਟ ਹੋ ਗਿਆ ਕਿ ੴ ਦਾ ਸਹੀ ਉਚਾਰਨ ਓਅੰਕਾਰ ਹੈ । ਓ ਤੋਂ ਪਹਿਲਾਂ ੧ (ਇਕ) ਹੈ ਜਿਸ ਦਾ ਠੀਕ ਠੀਕ ਉਚਾਰਨ ਪੰਜਾਬੀ ਵਿਚ ਇਕ ਹੈ । ਪਰ ਇਸ ਨੂੰ ਵੀ ਕਈ ਏਕ ਪੜਦੇ ਹਨ । ਵਾਸਤਵ ਵਿਚ ਜਦ ਅਸੀ ਠੇਠ ਪੰਜਾਬੀ ਵਿਚ ਗਿਣਤੀ ਕਰਦੇ ਹਾਂ ਤਾਂ ਇਕ ਦੋ ਤਿੰਨ ਚਾਰ ਪੰਜ ਆਦਿ ਕਰਦੇ ਹਾਂ ਨ ਕਿ ਏਕ ਦੋ ਤੀਨ ਚਾਰ ਪਾਂਚ ਆਦਿ । ਤਾਂ ਹਿੰਦੀ ਵਿਚ ਗਿਣਤੀ ਕਰਨ ਲਈ ਅਸੀਂ ਏਕ ਦੋ ਤੀਨ ਚਾਰ ਪਾਂਚ ਕਰਾਂਗੇ । ਸੋ ਬੀਜ ਮੰਤ੍ਰ ਦਾ ਠੀਕ ਠੀਕ ਉਚਾਰਨ ਕਰਨ ਲਈ ੴ ਦੇ ਤਿਨੇ ਹਿਸੇ ਸਪਸ਼ਟਤਾ ਨਾਲ ਉਚਾਰਨ ਕਰਨੇ ਚਾਹੀਦੇ ਹਨ । ਪਹਿਲਾ ਹਿਸਾ ਹੈ–੧, ਦੂਜਾ



www.AKJ.Org

ਹਿਸਾ ਹੈ ੳ ਅਤੇ ਤੀਜਾ ਹਿਸਾ ਹੈ ⌒ ॥ ਤਿਨੇ ਹਿਸੇ ਮਿਲਾਣ ਨਾਲ ਸਹੀ ਉਚਾਰਨ ਬਣਦਾ ਹੈ ੧=ਇਕ ੳ=ਓਅੰ, ⌒=ਕਾਰ ਅਥਵਾ ਇਕਓਅੰਕਾਰ ॥

## ੨ ਸਹਸ ਸਿਅਣਾਪਾ ਲਖ "ਹੋਹਿ" ਤ ਇਕ ਨ ਚਲੈ ਨਾਲਿ ॥

ਇਸ ਪੰਕਤੀ ਅੰਦਰ ਆਮ ਕਰਕੇ ਅਸੀਂ ਦੇਖਦੇ ਹਾਂ ਕਿ ਹੋਹਿ ਦਾ ਪਾਠ ਹੋਇ ਕੀਤਾ ਜਾਂਦਾ ਹੈ ਅਥਵਾ ਹੋਹਿ ਸ਼ਬਦ ਦੇ ਦੂਜੇ 'ਹ' ਦੇ ਥਾਂ ਈੜੀ (ੲ) ਪੜ੍ਹ ਜਾਂਦੇ ਹਾਂ ਜੋ ਬਿਲਕੁਲ ਸਪਸ਼ਟ ਹੈ ਕਿ ਇਹ ਅਸ਼ੁਧ ਹੈ। ਇਸ ਸ਼ਬਦ ਦਾ ਉਚਾਰਨ ਲਗਿਆਂ 'ਹ' ਦੀ ਆਵਾਜ਼ ਸਪਸ਼ਟਤਾ ਨਾਲ ਕਰਨੀ ਚਾਹੀਦੀ ਹੈ।

## ੩ "ਗੁਰਾ" ਇਕ ਦੇਹਿ ਬੁਝਾਈ॥

ਇਸ ਪੰਕਤੀ ਵਿਚ ਆਏ ਗੁਰਾ ਸ਼ਬਦ ਦਾ ਆਮ ਕਰ ਕੇ ਅਸੀਂ ਉਚਾਰਨ ਕਰਨ ਲਗਿਆਂ ਰਾਰੇ ਉਤੇ ਬਿੰਦੀ ਦੀ ਆਵਾਜ਼ ਨਾਲ ਕਰ ਜਾਂਦੇ ਹਾਂ ਜੋ ਵਿਆਕਰਨ ਦੇ ਹਿਸਾਬ ਨਾਲ ਗਲਤ ਹੈ। ਗੁਰਾ ਸ਼ਬਦ ਦੇ ਆਖਿਰ ਵਾਲਾ ਕੰਨਾਂ ਇਹ ਪ੍ਰਗਟ ਕਰਦਾ ਹੈ ਕਿ ਗੁਰਾ ਸ਼ਬਦ ਸੰਬੋਦਨ ਹੈ ਜਿਸਦੇ ਅਰਥ ਹਨ ਹੇ ਗੁਰ! ਜਿਸ ਤਰੀਕੇ ਨਾਲ ਕਿਸੇ ਦਾ ਨਾਂ ਰਾਮਚੰਦ੍ਰ ਹੋਇ ਤਾਂ ਅਸੀਂ ਉਸ ਨੂੰ ਬੁਲਾਨ ਲਈ ਰਾਮਾ ਕਹਿ ਕੇ ਬੁਲਾਈਏ ਯਾ ਹੇ ਰਾਮ ਕਹਿ ਦੇਈਏ ਤਾਂ ਦੋਨਾ ਦਾ ਅਰਥ ਇਕ ਹੀ ਹੈ। ਸੋ ਗੁਰਾ ਸ਼ਬਦ ਇਹਨਾਂ ਦੋਨਾ ਪਉੜੀਆਂ ਵਿਚ ਕੰਨੇ ਤੇ ਬਿੰਦੀ ਲਾਇ ਤੋਂ ਬਿਨਾਂ ਕਰਨਾ ਹੈ ॥

## ੩, ਨਾਨਕ ਨਿਰਗੁਣਿ ਗੁਣੁ ਕਰੇ, ਗੁਣਵੰਤਿਆ ਗੁਣੁ ਦੇ ॥

ਇਸ ਪੰਕਤੀ ਵਿਚ ਆਏ ਸ਼ਬਦ ਗੁਣ- ਵੰਤਿਆ ਦਾ ਉਚਾਰਨ ਕਰਨ ਲਗਿਆਂ ਆਮ ਕਰਕੇ ਤਤੇ ਨੂੰ ਸਿਹਾਰੀ ਦੀ ਥਾਂ ਬਿਹਾਰੀ ਲਾਕੇ ਗੁਣਵੰਤੀਆ ਯਾ ਗੁਣਵੰਤੀਆਂ ਕੀਤਾ ਜਾਂਦਾ ਹੈ ਜੋ ਬਿਲਕੁਲ ਗਲਤ ਹੈ। ਗੁਣਵੰਤਿਆ ਸ਼ਬਦ ਇਥੇ ਪੁਰਸ਼ਵਾਚਕ Masculine Gender ਪੁਲਿੰਗ ਹੈ ਪਰ ਗੁਣਵੰਤੀਆਂ ਸ਼ਬਦ ਇਸਤ੍ਰੀ ਲਿੰਗ Faminene Gender ਹੈ। ਇਥੇ ਗੁਣਵੰਤਿਆ ਦੇ ਅਰਥ ਹਨ ਉਹ ਸਰਬ ਗੁਣਾਂ ਵਾਲਾ ਅਕਾਲ ਪੁਰਖ। ਪੰਕਤੀ ਦੇ ਪਹਿਲੇ ਅਧੇ ਹਿਸੇ "ਨਾਨਕ ਨਿਰਗੁਣਿ ਗੁਣ ਕਰੇ" ਵਿਚ ਅਕਾਲ ਪੁਰਖ ਦੇ ਬਿਰਦ ਨੂੰ ਜਿਤਲਾਇਆ ਗਿਆ ਹੈ ਕਿ ਹੇ ਅਕਾਲ ਪੁਰਖ ਤੇਰਾ ਇਹ ਬਿਰਦ ਹੈ ਕਿ ਤੂੰ ਗੁਨਹੀਨਾਂ ਨੂੰ ਬਨਾਣ ਦੀ ਸਮ੍ਰਥਾ ਰਖਦਾ ਹੈ ਇਸ ਲਈ ਅਖੀਰਲੀ ਅਧੀ ਪੰਕਤੀ ਵਿਚ 'ਗੁਣਵੰਤਿਆ ਗੁਣ ਦੇ' ਉਸ ਸਰਬ ਗੁਣਵੰਤੇ ਅਕਾਲ ਪੁਰਖ ਅਗੇ ਜੋਦੜੀ ਕੀਤੀ ਗਈ ਹੈ ਕਿ ਮੈਨੂੰ ਵੀ ਗੁਣ ਦੇ ਤਾਂਕਿ ਤੇਰੀ ਸਿਫਤ ਸਾਲਾਹ ਕਰ ਸਕਾਂ। ਸੋ ਇਸ ਲਈ ਪਾਠ ਕਰਨ ਲਗਿਆਂ ਇਥੇ ਸਿਹਾਰੀ ਅਤੇ ਅਖੀਰੀ ਕੰਨੇ ਨੂੰ ਬਿੰਦੀ ਤੋਂ ਬਿਨਾਂ ਬੁਲਾਨਾ, ਉਚਾਰਨ ਕਰਨਾ ਹੈ।

(i) ਕੇਤੀ ਦਾਤਿ ਜਾਣੈ **ਕੌਣੁ** ਕੂਤੁ॥

(ii) ਨਾਨਕ ਜੇ ਕੋ **'ਆਪੌ'** ਜਾਣੈ ਅਗੈ ਗਇਆ ਨਾ ਸੋਹੈ।

(iii) ਇਕ ਦੂ **'ਜੀਭੌ'** ਲਖ ਹੋਹਿ ਲਖ ਹੋਵਹਿ ਲਖਵੀਸ।

(iv) **ਮੁਹੌ** ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰ॥

ਧਿਆਨ ਦੇਣ ਯੋਗ ਗਲ ਹੈ ਕਿ ਸੰਪੂਰਨ ਸ੍ਰੀ ਜਪੁ ਜੀ ਸਾਹਿਬ ਵਿਚ ਇਹ ਐਸੀਆਂ



www.AKJ.Org

ਪੰਕਤੀਆਂ ਹਨ ਜਿਨ੍ਹਾਂ ਵਿਚ ਇਹਨਾਂ ਚਾਰ ਸ਼ਬਦਾਂ, (ਕੌਨ ਅਧੌ, ਜੀਭੌ ਮੂੰਹੌ) ਲਾਨ ਕਨੌੜਾ ਮਾਤਰਾ ਵਰਤੀ ਗਈ ਹੈ। ਸਾਰੀ ਗੁਰਬਾਣੀ ਵਿਖੇ ਇਹ ਮਾਤ੍ਰਾ ਬਹੁਤ ਘਟ ਮਿਲਦੀ ਹੈ। ਇਸ ਕਰਕੇ ਇਸ ਮਾਤਰਾ ਦਾ ਉਚਾਰਨ ਸਹੀ ਕਰਨਾ ਚਾਹੀਦਾ ਹੈ ਅਤੇ ਉਪਰੋਕਤ ਚਾਰ ਸ਼ਬਦਾਂ ਨਾਲ ਕਨੌੜਾ ਮਾਤ੍ਰਾ ਸਪਸ਼ਟਤਾ ਨਾਲ ਉਚਾਰਨੀ ਚਾਹੀਦੀ ਹੈ।

ਉਪਰੋਕਤ ਦੂਜੀ ਅਤੇ ਤੀਜੀ ਪੰਕਤੀ ਵਿਚ ਆਏ 'ਸੋਹਿ' ਅਤੇ ਹੋਹਿ ਸ਼ਬਦਾਂ ਦਾ ਉਚਾਰਣ ਵੀ ਹ ਨਾਲ ਕੀਤਾ ਜਾਣਾ ਚਾਹੀਦਾ ਹੈ ਨ ਕਿ ਈੜੀ ਨਾਲ।

ਇਹੁ ਤਨੁ ਮਾਇਆ **ਪਾਹਿਆ** ਪਿਆਰੇ

ਲੀਤੜਾ ਲਬਿ ਰੰਗਾਏ।

ਇਹੁ ਤਨੁ ਮਾਇਆ ਪਾਇਆ ਪਿਆਰੇ ਇਸ ਪੰਕਤੀ ਵਿਚ ਪਾਹਿਆ ਸ਼ਬਦ ਉਚਾਰਨ ਕਰਨ ਲਗਿਆਂ 'ਹ' ਦੇ ਬਦਲੇ ਈੜੀ ਦੀ ਅਵਾਜ਼ ਨਾਲ ਆਮ ਉਚਾਰਨ ਕੀਤਾ ਜਾਂਦਾ ਹੈ। ਈੜੀ ਲਗਣ ਨਾਲ ਸ਼ਬਦ ਪਾਹਿਆ ਦੇ ਬਦਲੇ ਪਾਇਆ ਬਣ ਜਾਂਦਾ ਹੈ ਜੋ ਬਿਲਕੁਲ ਗਲਤ ਹੈ। ਪਾਇਆ ਦਾ ਅਰਥ ਪਾਨਾ, ਪ੍ਰਾਪਤ ਕਰਨਾ ਮਿਲਣਾ ਆਦਿ ਹੈ ਜਦ ਕਿ ਇਥੇ ਪਾਹਿਆ ਦਾ ਅਰਥ ਪਾਹ, ਖੁੰਬ ਅਥਵਾ ਮਾਂਡੀ ਤੋਂ ਹੈ। ਅਥਵਾ ਇਸ ਸਰੀਰ ਨੂੰ ਮਾਇਆ ਦੀ ਆਕੜ ਅਥਵਾ ਫੂੰਡ ਚੜ੍ਹੀ ਹੋਈ ਹੈ। ਜਿਸ ਤਰੀਕੇ ਨਾਲ ਕਪੜੇ ਨੂੰ ਮਾਂਡੀ ਲਗਾਣ ਨਾਲ ਕਪੜਾ ਆਕੜ ਵਿਚ ਆ ਜਾਂਦਾ ਹੈ ਇਸ਼ੀ ਤ੍ਰੀਕੇ ਨਾਲ ਇਸ ਤਨ ਅਥਵਾ ਸਰੀਰ ਨੂੰ ਮਾਇਆ ਦੀ ਫੋਕੀ ਵਡਿਆਈ ਨੇ ਘੇਰਿਆ ਹੋਇਆ ਹੈ। ਤਾਂਤੇ ਪਾਹਿਆ ਸ਼ਬਦ ਦਾ ਉਚਾਰਨ 'ਹ' ਸਹਿਤ ਠੀਕ ਹੈ।

ਮੈ **ਨਿਰਗੁਣਿਆਰੇ** ਕੋ ਗੁਣੁ ਨਾਹੀ ॥

ਇਸ ਪੰਕਤੀ ਵਿਚ ਆਏ ਸ਼ਬਦ ਨਿਰ-ਗੁਣਿਆਰੇ ਨੂੰ ਆਮ ਕਰਕੇ ਨਿਰਗੁਣਹਾਰੇ ਪੜਿਆ ਜਾਂਦਾ ਹੈ ਅਥਵਾ ਆ ਦੇ ਬਦਲੇ 'ਹਾ' ਇਸਤੇਮਾਲ ਕੀਤਾ ਜਾਂਦਾ ਹੈ ਜੋ ਬਿਲਕੁਲ ਅਸ਼ੁਧ ਹੈ। ਸੰਪੂਰਨ ਗੁਰਬਾਣੀ ਵਿਖੇ ਸ਼ੈਦ ਹੀ ਕਿਧਰੇ ਨਿਰਗੁਨਹਾਰੇ ਸ਼ਬਦ ਆਇਆ ਹੋਵੇਗਾ। ਇਸ ਲਈ ਸ਼ਬਦ ਨਿਰਗੁਨਹਾਰੇ ਦੇ ਉਚਾਰਨ ਸਮੇਂ ਆ ਦੀ ਆਵਾਜ਼ ਆਣੀ ਚਾਹੀਦੀ ਹੈ ਨਾ ਕਿ ਹਾ ਦੀ।

ਇਹ ਕੁਝ ਕੁ ਵੰਨਗੀ ਮਾਤ੍ਰ ਪੰਕਤੀਆਂ ਉਪਰ ਲਿਖਨ ਦਾ ਯਤਨ ਕੀਤਾ ਹੈ। ਇਸ ਤਰੀਕੇ ਨਾਲ ਅਨੇਕਾਂ ਪੰਕਤੀਆਂ ਅਤੇ ਸ਼ਬਦ ਹਨ ਜਿਨ੍ਹਾਂ ਨੂੰ ਜ਼ਰਾ ਜਿਤਨਾ ਵਿਚਾਰਨ ਨਾਲ ਸੁਧਤਾ ਨਾਲ ਪੜਿਆ ਜਾ ਸ਼ਕਦਾ ਹੈ। ਜ਼ਰਾ ਜਿਤਨਾ ਧਿਆਨ ਦੇਣ ਦੀ ਲੋੜ ਹੈ।

ਸੰਪੂਰਨ ਗੁਰਬਾਣੀ ਵਿਖੇ ਆਈਆਂ ਸਾਰੀਆਂ ਲਗਾਂ ਮਾਤ੍ਰਾਂ, ਕੰਨਾ, ਟਿਪੀ, ਬਿੰਦੀ ਆਦਿ ਕਿਸੇ ਤਰਤੀਬ ਹਿਸਾਬ ਨਾਲ ਇਸਤੇਮਾਲ ਹੋਇ ਹਨ ਨ ਕਿ ਐਵੇਂ ਹੀ ਗੁਰੂ ਸਾਹਿਬਾਨ ਨੇ ਲਗਾ ਦਿਤੇ ਹਨ। ਹਰ ਇਕ ਲਗ ਮਾਤ੍ਰ ਆਪਨਾ ਵਿਸ਼ੇਸ਼ ਅਰਥ ਰਖਦੀ ਹੈ। ਇਸ ਲਈ ਜਿਤਨਾ ਹੋ ਸਕੇ ਸਾਨੂੰ ਗੁਰਬਾਣੀ ਸ਼ੁਧ ਅਤੇ ਸਪਸ਼ਟ ਪੜ੍ਹਨ ਦਾ ਯਤਨ ਕਰਨਾ ਚਾਹੀਦਾ ਹੈ।



www.AKJ.Org

# ਸਿਮਰਨ ਦਾਤਾ ਸਤਿਗੁਰੂ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਕਿਸ਼ਤ ਨੰ: ੪

ਜੀਅ ਦਾਨ ਦੇ ਦਾਤਾਰ ਸਤਿਗੁਰੂ ਸਮਰਥ ਦੁਆਰਾ ਗੁਰ ਦੀਖਿਆ ਗੁਰਮੰਤਰ ਸਿਮਰਨ ਦੀ ਦਾਤਿ ਲਏ ਬਾਝੋਂ "ਜੀਅ ਦਾਨੁ ਦੇਇ ਤ੍ਰਿਪਤਾਸਿ" ਅਤੇ "ਸਚੈ ਨਾਮਿ ਸਮਾਹੀ" ਵਾਲੀ ਪਾਰਸ ਕ੍ਰਿਸ਼ਮੀ ਕਲਾ ਸਿਮਰਨ ਦਾਤਿ ਅਧਿਕਾਰੀ ਦੇ ਜੀਵਨ ਵਿਖੇ ਵਰਤਦੀ ਹੀ ਨਹੀਂ, ਨਾ ਹੀ ਵਰਤ ਸਕਦੀ ਹੈ। ਸਿਮਰਨ ਦਾਤਿ ਨੂੰ ਰਸ ਜੋਤਿ ਵਿਗਾਸੀ ਅੰਮ੍ਰਿਤ ਕਲਾ ਦੇ ਖੇੜੇ ਵਿਚ ਖਿੜਾਉਣਾ ਸਮਰਥ ਸਤਿਗੁਰੂ ਦੁਆਰਾ ਸਿਮਰਨ ਰੂਪੀ ਪਾਰਸ ਪਦਾਰਥ ਭੁਗਤਾਉਣ ਦੀ ਤਤ ਗੁਰਮਤਿ ਮਰਯਾਦਾ ਦਾ ਸਿਹਜ ਸਰਸਨੀ ਸੁਫਲ ਗੁਣ ਹੈ।

> ਸਤਿਗੁਰੁ ਦਾਤਾ ਵਡਾ ਵਡ ਪੁਰਖ ਹੈ,
> ਜਿਤ ਮਿਲਿਐ ਹਰਿ ਉਰਧਾਰੇ ॥
> ਜੀਅ ਦਾਨੁ ਗੁਰਿ ਪੂਰੈ ਦੀਆ,
> ਹਰਿ ਅੰਮ੍ਰਿਤ ਨਾਮੁ ਸਮਾਰੇ ॥
> (ਰਾਮਕਲੀ ਮ: ੪)

ਇਹ ਨਾਮੁ ਅੰਮ੍ਰਿਤ ਨਾਮੁ ਇਸ ਕਰਕੇ ਹੈ ਕਿ ਇਸ ਦਾ ਅਸਲਾ ਹੀ ਅੰਮ੍ਰਿਤ ਪਾਰਸੀ ਅੰਸ ਕਲਾ ਸੰਪੰਨ ਹੈ। ਸਤਿਗੁਰੂ ਦਾਤੇ ਦੁਆਰਾ ਦਿਤਾ ਹੋਇਆ ਏਹ ਅੰਮ੍ਰਿਤ ਨਾਮ ਸਿਮਰਨ ਹਾਰੇ ਦੇ ਅੰਤਰ ਆਤਮੇ ਅੰਮ੍ਰਿਤ ਸਰਸਾਰੀ ਜੀਅ ਜੀਵਨ ਰੌ ਦਾ ਝਰਨਾਟ ਛੇੜਿ ਦਿੰਦਾ ਹੈ ਤਾਂਹੀ ਤੇ ਇਹ ਸਤਿਗੁਰ ਦਾਤੇ ਦੁਆਰਾ ਪ੍ਰਾਪਤ ਹੋਈ ਸਿਮਰਨ ਦੀ ਦਾਤਿ ਅਮੋਘ ਜੀਵਨ ਜੀਅਦਾਨ ਪਰਦਾਨਣੀ ਹੈ। ਸਤਿਗੁਰ ਦਾਤੇ ਦਾ ਦਿਤਾ ਹੋਇਆ ਅੰਮ੍ਰਿਤ ਕਲਾ ਪਰਵੇਸ਼ਨੀ ਨਾਮ, ਸਿਮਰਨ ਕਮਾਈ ਦੁਆਰਾ ਜੋਤਿ ਪ੍ਰਕਾਸ਼ਨੀ ਰੌ, ਸਿਮਰਨ ਹਾਰੇ ਦੇ ਘਟ ਅੰਤਰਿ ਚਲਾ ਦਿੰਦਾ ਹੈ। ਅੰਮ੍ਰਿਤ ਨਾਮ ਦੀ ਏਹ ਜੋਤਿ ਪ੍ਰਕਾਸ਼ਨੀ ਚਮਤਕਾਰ ਗੁਰੂ ਦੇ ਆਤਮ ਜੋਤੀ ਦਿਬ ਸਰੂਪ ਦਾ ਹੀ ਪ੍ਰਿਤਿਬਿੰਬ ਹੈ, ਤਾਂਹੀ ਤੇ ਗੁਰੂ ਦਾ ਦਿਤਾ ਹੋਇਆ ਨਾਮ, ਗੁਰੂ ਸਰੂਪ ਹੈ। ਨਾਮ ਗੁਰੂ ਦਾ ਅੰਦੀਆ ਹੈ। ਨਾਮ ਗੁਰੂ ਦੀ ਜੁਜ਼ਵੇ ਕੁਲ ਜੋਤਿ ਹੈ। ਨਾਮ ਗੁਰੂ ਦੀ ਤੇਜ ਆਤਮਾ ਹੈ, ਨਾਮ ਗੁਰੂ ਦੀ ਜੋਤਿ ਜਗਮਗੀ ਜਗਜੀਵਨ ਕ੍ਰਿਸ਼ਮ ਕਰਾਂਤ ਹੈ। ਜੇਵਡ ਗੁਰੂ ਆਪਿ ਹੈ ਤੇਵਡ ਹੀ ਤਿਸਦੀ ਦਾਤਿ ਹੈ। ਗੁਰੂ ਜੇਵਡੀ ਦਾਤਿ ਦਾ ਜੀਅ ਦਾਨ ਗੁਰ ਸਤਿਗੁਰੂ ਦਾਤਾ ਹੀ ਦੇ ਸਕਦਾ ਹੈ, ਇਸ ਜੀਅ ਦਾਨ ਦੀ ਦਾਤ ਲੈਣ ਹਾਰੇ ਨੂੰ ਸਤਿਗੁਰੂ ਬਾਝੋਂ ਹੋਰ ਥਾਉਂ ਕੋ ਨਹੀਂ। ਯਥਾ ਗੁਰਵਾਕ :-



www.AKJ.Org

"ਗੁਰ ਬਿਨੁ ਦੂਜਾ ਨਾਹੀ ਥਾਉ ॥
ਗੁਰੁ ਦਾਤਾ ਗੁਰੁ ਦੇਵੈ ਨਾਉ ॥੩॥
ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥
ਆਠ ਪਹਰ ਨਾਨਕ ਗੁਰ ਜਾਪਿ ॥੪॥"
(ਆਸਾ ਮ: ੫)

ਗੁਰੂ ਦੀ ਵਡੜੀ ਦਾਤਿ ਨਾਮ ਨੂੰ ਗੁਰੂ ਵਡੜਾ ਦਾਤਾ (ਸਭ ਤੋਂ ਵਡੜਾ ਦਾਤਾ) ਹੀ ਦੇਵੇ ਤਾਂ ਦੇਵੇ ਹੋਰ ਇਸ ਦਾਤ ਦੇਣ ਦੀ ਕਿਸੇ ਦੀ ਜਾਇ ਨਹੀਂ। ਸਿਮਰਨ ਦਾ ਦਾਤਾ ਤੀਨ ਕਾਲ ਅਤੇ ਚੌਹਾਂ ਜੁਗਾਂ ਵਿਖੇ ਕੇਵਲ ਸਤਿਗੁਰੂ ਹੀ ਦੇ ਸਕਦਾ ਹੈ, ਹੋਰ ਕੋਈ ਨਹੀਂ। ਏਹੋ—

'ਆਦਿ ਅੰਤ ਏਕੋ ਅਵਤਾਰਾ'।

ਗੁਪਤੋ ਪ੍ਰਗਟ ਹੋਇਆ ਅਸਲੀ ਅਬਕੀ ਗੁਰੂ ਅਵਤਾਰ ਆਦਿ ਤੋਂ ਅੰਤ ਤਾਈਂ ਚੋਹਾਂ ਜੁਗਾਂ ਅੰਦਰਿ ਸਚ ਸਦਾ ਵਰਤਦਾ ਰਹੇਗਾ। ਸਤਿਗੁਰੂ ਦੁਆਰਾ ਹੀ ਦਹਸਰੀ ਜੀਵਾਂ ਦੀ ਕਲਿਆਣ ਮੁਕਤਿ ਗਤਿ ਹੁੰਦੀ ਰਹੀ ਹੈ, ਹੁੰਦੀ ਹੈ ਅਤੇ ਹੁੰਦੀ ਰਹੇਗੀ, ਗੁਰਪ੍ਰਸਾਦੀ (ਗੁਰੂ ਦੇ ਪਰਸਾਦ ਕਰਿ) ਵਾਹਿਗੁਰੂ ਦੀ ਪ੍ਰਾਪਤੀ ਸੰਭਵ ਹੈ। ਸਤਿਗੁਰੂ ਬਾਝੋਂ ਨਾ ਵਾਹਿਗੁਰੂ ਦੀ ਪਰਾਪਤੀ ਹੈ ਤੇ ਨਾ ਕਲਿਆਨ ਮੁਕਤ ਗਤਿ ਯੱਹੈ। ਯਾ ਗੁਰਵਾਕ—

'ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ।
ਗੁਰਪਸਾਦੀ ਮਿਲੈ ਹਰਿ ਸੋਈ।
ਗੁਰੁ ਦਾਤਾ ਜੁਗ ਚਾਰੇ ਹੋਈ।੭।
(ਗਉੜੀ ਮ: ੩)

ਸਤਿਗੁਰੁ ਨਾਨਕ ਦੇਵ ਜੀ ਆਪਣੀ ਅਨਿਕ ਕਲਾ ਸੰਪੂਰਨ ਜੋਤ ਜਾਮੇ ਦੇ ਜ਼ਹੂਰ ਵਿਚ ਸਦ ਸਦਾ ਅਤੇ ਸਰਬ ਦਾ ਹਾਜ਼ਰ ਹਜ਼ੂਰ ਹੈ। ਯਥਾ ਗੁਰਵਾਕ:—

"ਸਤਿਗੁਰੁ ਮੇਰਾ ਸਦਾ ਸਦਾ
ਨਾ ਆਵੈ ਨਾ ਜਾਇ
ਓਹ ਅਬਿਨਾਸੀ ਪੁਰਖੁ ਹੈ
ਸਭ ਮਹਿ ਰਹਿਆ ਸਮਾਇ।"
(ਸੂਹੀ ਮ: ੪)

ਗੁਪਤੋਂ ਪ੍ਰਗਟ ਆਪਣੇ ਜ਼ਹੂਰ ਨੂੰ ਹਾਜ਼ਰ ਹਜ਼ੂਰ ਦਰਸਾਵਨ ਲਈ ਅਤੇ ਆਪਣੀ ਗੁੱਤ ਕਲਾ ਪ੍ਰਗਟਾਵਣ ਲਈ ਉਹ ਹੁਣ ਪੰਜਾਂ ਪਿਆਰਿਆਂ ਦੇ ਘਟਾਂ ਅੰਦਰ ਪ੍ਰਤੱਖ ਪ੍ਰਿਤਬਿੰਤਤ ਹੁੰਦਾ ਅਤੇ ਸ਼ਬਦ ਗੁਰੂ ਗੁਰਦੇਵ ਦੀ ਹਜ਼ੂਰੀ ਵਿਚ ਆਪਣੀ ਜ਼ਾਹਰ ਕਲਾ ਵਰਤਾਉਂਦਾ ਹੈ। ਯਥਾ ਗੁਰਵਾਕ—

"ਗੁਰ ਕੀ ਮਹਿਮਾ ਕਿਆ ਕਹਾ
ਗੁਰ ਬਿਬੇਕ ਸਤਸਰੁ।
ਓਹ ਆਦਿ ਜੁਗਾਦੀ
ਜੁਗਹੁ ਜੁਗੁ ਪੂਰਾ ਪਰਮੇਸਰੁ। ੩।"
(ਆਸਾ ਮ: ੫)

ਸਤਿਗੁਰੂ ਦੀ ਜਾਗਤ ਜੋਤ ਕਲਾ ਸਚੇ ਗੁਰਦੇਵ ਸ੍ਰੀ ਗੁਰੂ ਗਰੰਥ ਸਾਹਿਬ ਜੀ ਅੰਦਰ ਵਰਤਦੀ ਹੈ, ਪਰੰਤੂ ਪਰਤਖ ਪ੍ਰਗਟ ਪਾਹਾਰੇ ਤਿੰਨ੍ਹਾਂ ਨੂੰ ਹੀ ਜਾਪਦੀ ਹੈ, ਜਿਨਾਂ ਨਦਰ ਕਰੰਮੇ ਨਾਮ ਅਭਿਆਸ ਕਮਾਈ ਵਾਲੇ ਗੁਰਮੁਖ ਜਨਾਂ ਦੇ ਘਟ ਅੰਦਰ ਜਾਗਤ ਜੋਤਿ ਦਾ ਪ੍ਰਕਾਸ਼ ਹੈ। ਜਿਨ੍ਹਾਂ ਨੇ ਇਸ ਪਰਕਾਸ਼ ਨੂੰ ਨਾਮ ਦੀ ਅਥਾਹ ਕਮਾਈ ਦੁਆਰਾ ਪਰਜੁਲਤ ਕੀਤਾ ਹੈ, ਆਪ ਆਪਣੇ ਘਟ ਅੰਤਰ ਹੀ ਪਰਜਵਲਤ ਕੀਤਾ ਹੈ ਤਿਨਾਂ ਸ਼ਬਦ ਕਮਾਈਆਂ ਵਾਲੇ ਬਿਬੇਕ ਬਿਚਾਰੀ ਸਚੇ ਬਿਬੇਕ ਬਿਚਾਰੀ ਗੁਰਮਤ ਤਤ ਗਿਆਨ ਦੇ ਗਿਆਨੀ ਗੁਰਮੁਖ ਜਨਾਂ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਸਚਮੁਚ ਪ੍ਰਗਟ ਗੁਰਾਂ ਕੀ ਦੇਹ, ਦਸੇ ਗੁਰੂ ਸਾਹਿਬਾਨ ਦਾ ਜੋਤ ਜਲਵੀ ਪਰਤਖ ਸਰੂਪ ਨਜ਼ਰ ਆਉਂਦੇ



www.AKJ.Org

ਹਨ। ਸ਼ਬਦ ਗੁਰੂ ਦੀ ਅਭਿਆਸ ਕਮਾਈ ਰੂਪੀ ਸਚ ਜੋਤ ਵਿਵੇਚਨੀ ਗਿਆਨ ਜ਼ਹੂਰੀ ਵਿਚਾਰ ਦੀ ਪਰਤੇਖਤਾ ਬਿਨਾਂ ਦਸਾਂ ਗੁਰੂ ਜਾਮਿਆਂ ਦੇ ਗੁਰੂ ਗਦੀ ਤੇ ਬਿਰਾਜਮਾਨ ਹੁੰਦੇ ਵੀ ਆਮ ਸੰਸਾਰੀਆਂ ਨੂੰ ਸਤਿਗੁਰੂ ਸਾਹਿਬਾਨ ਦੇ ਗੁੱਰਤ ਪਦ ਦਾ ਜੋਤਿ ਜਗੰਨਾ, ਜੋਤ ਪ੍ਰਕਾਸ਼ ਸਰੂਪ ਨਜ਼ਰ ਨਹੀਂ ਆਉਂਦਾ ਸੀ। ਪਰੰਤੂ ਗੁਰ ਗਿਆਨ ਵਿਚਾਰੀ ਗੁਰਮਤਿ ਨਾਮ ਅਧਾਰੀ, ਨਿਰੰਕਾਰੀ ਨਾਮ ਦੇ ਨਿਜ ਘਟ ਜੋਤ ਪ੍ਰਕਾਸ਼ ਲਖਨਹਾਰੀ ਗੁਰਮੁਖ ਜਨਾਂ ਨੂੰ ਗੁਰੂ ਜੋਤਿ ਦੇ ਦਿਬ ਜੋਤੀ ਦਰਸ਼ਨ ਗੁਰੂ ਜਾਮਿਆਂ ਅੰਦਰ ਸਾਂਗੋ ਪਾਂਗ ਦਿਖਾਈ ਦਿੰਦੇ ਸਨ। ਤਿਸ ਪ੍ਰਕਾਰ ਹੁਣ ਭੀ ਜਿਨ੍ਹਾਂ ਦੇ ਅੰਤਰ ਗੁਰਚਾਨਣ ਜੋਤਿ ਚਰਾਗ ਵਾਲਾ ਰਸ ਕਮਲ ਵਿਗਾਸੀ ਤੇਜ ਪ੍ਰਕਾਸ਼ ਪ੍ਰਚੰਡ ਹੋਇਆ ਹੈ। ਤਿਨਾਂ ਨੂੰ ਸ਼ਬਦ ਵਿਚਾਰੀ ਵਿਗਾਸ ਦੇ ਪਰਤਾਪ ਨਾਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਅਕਾਰ ਜਾਮਾਂ, ਜੋਤ ਜਲਵਨੀ ਜਲਾਲ ਦਾ ਡਲਕਾਂ ਮਾਰਦਾ ਨੂਰ ਜ਼ਹੂਰੀ ਸ਼ਾਖਸ਼ਾਤ ਸੋਮਾ ਪ੍ਰਗਟ ਪਹਾਰੇ ਜਾਪਦਾ ਪਰਤੀਤ ਹੋਇਆ ਹੈ। ਹੋਰ ਸੰਸਾਰੀਆਂ ਨੂੰ ਹੁਣ ਭੀ ਗੁਰੂ ਸਾਹਿਬ ਦਾ ਐਸਾ ਹੀ ਸਧਾਰਨ ਸਰੂਪ ਜਾਪਦਾ ਹੈ ਜੈਸਾ ਕਿ ਪਹਿਲੇ ਗੁਰੂ ਦਾ ਜਾਪਦਾ ਹੁੰਦਾ ਸੀ। ਯਥਾ ਗੁਰਵਾਕ:-

ਸਤਿਗੁਰ ਨੋ ਸਭ ਕੋ ਵੇਖਦਾ
ਜੇਤਾ ਜਗਤੁ ਸੰਸਾਰ ।
ਡਿਠੈ ਮੁਕਤਿ ਨ ਹੋਵਈ
ਜਿਚਰੁ ਸਬਦਿ ਨ ਕਰੇ ਵੀਚਾਰ
(ਵਾਰ ਵਡਹੰਸ ਮ: ੪)

ਗੁਰਬਾਣੀ ਅੰਦਰ ਸ਼ਬਦ ਵੀਚਾਰ (ਗੁਰ ਸ਼ਬਦ ਵਿਚਾਰ, ਗੁਰਮਤਿ ਨਾਮ ਵਿਚਾਰ, ਸਤਿਗੁਰ ਬਚਨ ਵਿਚਾਰ) ਕਰਨ ਕਰਾਵਣ ਦੇ ਜਿਤਨੇ ਭੀ ਹੁਕਮ ਆਉਂਦੇ ਹਨ, ਉਹਨਾਂ ਵਿਚ ਸ਼ਬਦ ਵੀਚਾਰ ਤੋਂ ਭਾਵ ਸ਼ਬਦ ਅਭਿਆਸ ਕਮਾਈ ਗੁਰਮਤਿ ਨਾਮ ਅਭਿਆਸ ਕਮਾਈ ਹੈ ਸੁਆਸ ਸੁਆਸ, ਸਾਸ ਗਿਰਾਸ ਨਾਮ ਅਭਿਆਸ ਦੀ ਸਚੀ ਕਾਰ ਕਮਾਉਣਾ ਇਹੋ ਸਚਾ ਗੁਰਮਤਿ ਵਿਚਾਰ ਹੈ। ਯਥਾ ਗੁਰਵਾਕ:-

ਸਤਿਗੁਰ ਬਚਨ ਕਮਾਵਣੇ
ਸਚਾ ਇਹੁ ਵੀਚਾਰ ।

ਸਤਿਗੁਰ ਬਚਨਾਂ ਰੂਪੀ ਹੁਕਮਾਂ ਦੀ ਤਾਮੀਲ ਕੀ ਕਰਨੀ ਇਹ ਸਤਿਗੁਰ ਬਚਨ ਕਮਾਵਣੇ ਹਨ। ਸਤਿਗੁਰ ਦਾ ਹੁਕਮਾਂ ਸਿਰ ਹੁਕਮ ਹੈ, ਨਾਮ ਦਾ ਜਪਣਾ ਤਾਂਤੇ ਨਾਮ ਜਪਣਾ ਅਰਥਾਤ ਨਾਮ ਅਭਿਆਸ ਕਮਾਈ ਕਰਨਾ ਹੀ ਸਤਿਗੁਰ ਦੇ ਹੁਕਮਾਂ ਦੀ ਤਾਮੀਲ ਕਰਨਾ ਅਰਥਾਤ ਸਤਿਗੁਰ ਬਚਨਾਂ ਦਾ ਕਮਾਉਣਾ ਹੈ। ਬਸ ਨਾਮ ਜਪਣਾ, ਸਾਸ ਸਾਸ ਅਭਿਆਸ ਨਾਮ ਦਾ ਕਰਨਾ ਹੀ ਸਚਾ ਅਤੇ ਤਤ ਗੁਰਮਤਿ ਬਿਬਿਕ ਬੀਚਾਰ ਹੈ। ਯਥਾ ਗੁਰਵਾਕ—

ਉਰਧਾਰਿ ਬੀਚਾਰਿ ਮੁਰਾਰਿ ਰਮੋ
ਰਮੁ ਮਨਮੋਹਨ ਨਾਮ ਜਪੀਨੇ ।
ਅਦ੍ਰਿਸਟੁ ਅਗੋਚਰੁ ਅਪਰੰਪਰ ਸੁਆਮੀ ।
ਗੁਰਿ ਪੂਰੇ ਪ੍ਰਗਟ ਕਰਿ ਦੀਨੇ ।
(ਧਨਾਸਰੀ ਮ: ੪)

ਇਸ ਗੁਰਵਾਕ ਦੇ ਭਾਵ ਤੋਂ ਹੀ ਇਹ ਸਿਧ ਹੈ ਕਿ ਰਮਤ ਰਾਮ ਮਨਮੋਹਨ ਮੁਰਾਰ ਵਾਹਿਗੁਰੂ ਕਰਤਾਰ ਦੇ ਨਾਮ ਨੂੰ ਜਪਣਾ ਜਪੀਣਾ ਉਰਧਾਰਨਾ ਬੀਚਾਰਨਾ ਸਮਸਰ ਅਰਥ ਕੀ ਰਖਦਾ ਹੈ। ਸਤਿਗੁਰੂ ਦਾਤਾਰ ਦੇ ਦਿਤੇ ਨਾਮ ਸਿਮਰਨ ਨਾਮ ਜਪਣ ਉਰਧਾਰਨ ਬੀਚਾਰਨ ਦਾ ਪ੍ਰਤਾਪ ਪ੍ਰਤਖ ਪਰਤਾਪ ਇਹ ਹੁੰਦਾ ਹੈ ਕਿ ਨਦਰੀ ਨਦਰਿ ਨਿਹਾਲ ਸਰਬ ਫਲ ਪਰਦਾਤਾ



www.AKJ.Org

ਸਤਿਗੁਰੂ ਅਦ੍ਰਿਸ਼ਟ ਅਗਮ ਅਗੋਚਰ ਅਪਰੰਪਰ ਪਾਰਬ੍ਰਹਮ ਸੁਆਮੀ ਵਾਹਿਗੁਰੂ ਨੂੰ ਸਿਮਰਨ ਹਾਰੇ ਨਾਮ ਕਮਾਈਆਂ ਵਾਲੇ ਗੁਰਮੁਖ ਜਨ ਦੇ ਘਟ ਅੰਤਰ ਹਸਤਾਮਲ ਵਤ [ਹਥ ਉਤੇ ਧਰੇ ਉਲੇ ਵਾਂਗ] ਪਰਗਟ ਕਰ ਦਿੰਦਾ ਹੈ। ਸੋ ਜਦ ਤਾਈ ਗੁਰ ਪ੍ਰਸਾਦਿ ਕਰ ਇਹ ਸਚਾ ਦਿਬ ਦ੍ਰਿਸ਼ਟੀ ਵਾਲਾ ਨਾਮ ਅਭਿਆਸ ਮਈ ਵਿਚਾਰ ਸੁਫਲ ਫਲੰਕਾਰ ਨਹੀਂ ਹੋ ਜਾਂਦਾ ਉਦੋਂ ਤਾਈ ਆਪ ਤ੍ਰੈ ਗੁਣੀ ਦ੍ਰਿਸ਼ਟੀ ਨਾਲ ਸਤਿਗੁਰੂ ਦੇ ਦੇਹ ਜਾਮੇ ਨੂੰ ਦੇਖਿਆਂ ਨਾ ਮੁਕਤ ਗਤ ਹੈ। ਨਾ ਹੀ ਗੁਰੂ ਦੇ ਦਿਬ ਦੀਦਾਰਿਆਂ ਦਾ ਝਲਕਾ ਨਸੀਬ ਹੁੰਦਾ ਹੈ, ਗੁਰਮੁਖ ਪੰਚ ਪ੍ਰਵਾਨ ਚੁਣ ਕਢੇ ਲਧੋਵਾਰਿਆਂ ਪਿਆਰਿਆਂ ਨੂੰ ਸਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜੋਤ ਜਾਮੇ ਅੰਦਰ ਦਸੇ ਗੁਰੂ ਪਾਤਸ਼ਾਹੀਆਂ ਦੇ ਦਿਬ ਜੋਤੀਯ ਸਰੂਪ ਦਿਦਾਰੇ ਪਰਤਖ ਹੁੰਦੇ ਹਨ। ਅਤੇ ਹਰ ਕਿਸੇ ਅਧਿਕਾਰੀ ਅੰਮ੍ਰਿਤ-ਧਾਰੀ ਜਨ ਨੂੰ ਪਰਤਖ ਕਰਾ ਸਕਦੇ ਹਨ। ਨਾਮ ਉਰਹਾਰੀ ਸਬਕ ਵਿਚਾਰੀ ਅਭਿਆਸ ਕਮਾਈਆਂ ਦੇ ਕਲਾਧਾਰੀ ਗੁਰਮੁਖ ਜਨ ਪ੍ਰਗਟ ਗੁਰਾਂ ਕੀ ਦੇਹ ਅੰਦਰ ਪੂਰਨ ਗੁਰ ਜੋਤ ਜਲਵਾ ਸਾਂਗੋ ਪਾਂਗ ਵੇਖਦੇ ਹਨ। ਐਸੇ ਗੁਰ ਜੋਤ ਜਲਵਾ ਅਠ ਰੋਜ਼ ਗੁਰੂ ਹਜ਼ੂਰੀਏ ਪੰਚ ਪ੍ਰਵਾਨ ਜਨਾਂ ਦਾ ਪੁੰਜ ਪ੍ਰਗਟ ਗੁਰਾਂ ਕੀ ਦੇਹ ਦੀ ਹਜ਼ੂਰੀ ਵਿਚ ਸਿਮਰਨ ਕਲਾ ਵਰਤਾ ਸਕਦਾ ਹੈ, ਕਿਉਂਕਿ ਉਹਨਾਂ ਅੰਦਰ ਨਾਮ ਪੂਰੇ ਸਤਿਗੁਰ ਸਾਰਖੀ ਦੀ ਪੂਰਨ ਸਿਮਰਨ ਦਾਤ ਕਲਾ ਦੀ ਸਮਰਥਾ ਹੁੰਦੀ ਹੈ।

ਨਾਮ ਅਮੋਲਕ ਰਤਨ ਹੈ, ਇਸ ਰਤਨ ਦਾ ਸਪਰਨ ਸਿਮਰਾਉਣ ਰੂਪੀ ਵਪਾਰ ਨੂੰ ਕਉਡੀਆਂ ਦੇ ਭਾ ਲੁਟਾ ਦੇਣਾ, ਮਹਾਂ ਮੂੜਤਾ ਵਾਲੀ ਮਨਮਤ ਹੈ। ਜੈਸੇ ਸਿਮਰਨ ਰੂਪੀ ਇਸ ਅਮੋਲਕ ਰਾਸ ਦਾ ਵਪਾਰੀ ਭੀ ਕੋਈ ਕੋਈ ਵਿਰਲਾ ਜਨ ਹੀ ਹੈ, ਤੈਸੇ ਇਸ ਰਾਸ ਦਾ ਸਚਾ ਸ਼ਾਹ ਦਾਤਾਰ ਭੀ ਹਰ ਕੋਈ ਨਹੀਂ ਕੇਵਲ ਸਤਿਗੁਰ ਸਚਾ ਪਾਤਸ਼ਾਹ ਹੀ ਹੈ। ਇਹ ਨਾਮ ਸਿਮਰਨ ਰੂਪੀ ਅਮੋਲਕ ਰਾਸ ਐਵੇਂ ਆਵਾਗਉਣ ਹੀ ਨਹੀਂ ਵਿਹਾਜੀ ਜਾਂਦੀ ਸਚੇ ਨਾਮ ਕੇ ਵਪਾਰੀਏ ਇਸ ਸਤਿਗੁਰ ਦਿਤੀ ਦਾਤ ਦੀ ਅਗਾਧ ਕਮਾਈ ਰੂਪੀ ਸੇਵਾ ਵਿਚ ਲਗਿਆਂ ਹੀ ਇਸ ਰਤਨ ਰੂਪੀ ਨਾਮ ਦਾ ਪ੍ਰਕਾਸ਼ ਪ੍ਰਾਪਤ ਕਰ ਸਕਦੇ ਹਨ। ਸਿਮਰਨ ਰੂਪ ਸੇਵਾ ਵਿਚ ਉਪਰ ਦਰਸਾਈ ਕਮਾਈ ਚਿ ਜੁਟਿਆਂ ਗੁਰਮੁਖ ਜਨਾਂ ਨੂੰ ਸਤਿਗੁਰੂ ਆਪ ਹੀ ਇਸ ਹੀਰੇ ਰਤਨ ਰੂਪੀ ਨਾਮ ਨੂੰ ਪ੍ਰਕਾਸ਼ ਕਰ ਦਿੰਦੇ ਹਨ।

ਨਾਮ ਅਮੋਲਕ ਰਤਨ ਹੈ
ਪੂਰੇ ਸਤਿਗੁਰ ਪਾਸ ।
ਸਤਿਗੁਰ ਸੇਵੈ ਲਗਿਆ
ਕਢਿ ਰਤਨੁ ਦੇਵੈ ਪਰਗਾਸਿ ।
(ਸਿਰੀ ਰਾਗ ਮ: ੫)

ਚਲਦਾ



www.AKJ.Org

# ਡਿਠੇ ਸੁਣੇ ਤੇ ਹਢੀਂ ਵਾਪਰੇ ਬਿਰਤਾਂਤ

(ਭਾਈ ਸੁਰਜਨ ਸਿੰਘ ਜੀ ਗੁਜਰਵਾਲ)

## ਜੇਹਲ ਯਾਤਰਾ ਦਾ ਸਮਾਂ

ਕਿਸ਼ਤ ਨੰਬਰ ੧੨

ਜੋ ਕੁਛ ਦਾਸ ਨੇ ਇਕ ਮਹੀਨੇ ਦੇ ਕਰੀਬ ਨਾਗਪੁਰ ਵਿਚ ਰਹਿ ਕੇ ਕੀਤਾ ਸੀ ਪ੍ਰਕਾਸ਼ਕ ਉਹ ਨਹੀਂ ਚਾੜ੍ਹ ਸਕਿਆ। ਮੈਂ ਸ੍ਰੀ ਮਾਨ ਭਾਈ ਸਾਹਿਬ ਜੀ ਨੂੰ ਪੁਛਿਆ ਤੁਸੀਂ ਸਾਰਾ ਹਾਲ ਕਿਉਂ ਨਹੀਂ ਲਿਖਿਆ ਉਨ੍ਹਾਂ ਨੇ ਮੈਨੂੰ ਕਿਹਾ "ਮੈਂ ਤਾਂ ਸਾਰਾ ਹਾਲ ਲਿਖ ਦਿਤਾ ਸੀ ਇਹ ਪਤਾ ਨਹੀਂ ਕਿਉਂ ਨਹੀਂ ਵਿਚ ਲਿਖਿਆ" ਦਾਸ ਨਾਗਪੁਰ ਪਹੁੰਚ ਕੇ ਸ੍ਰਦਾਰ ਕਰਮ ਸਿੰਘ ਦੇ ਘਰ ਚਲਿਆ ਗਿਆ ਤੇ ਉਸਨੂੰ ਚਿਠੀ ਦਿਖਾਈ ਮੈਨੂੰ ਏਸ ਸਜਣ ਨੇ ਆਪਣੇ ਘਰ ਠਹਿਰਣ ਨੂੰ ਜਗਾ ਦੇ ਦਿਤੀ ਮੈਂ ਦੂਜੇ ਦਿਨ ਹੀ ਘਰੋਂ ਤੁਰਕੇ ਜੇਹਲ ਨੂੰ ਚਲਾ ਗਿਆ। ਜੇਹਲ ਮੇਰੇ ਅਸਥਾਨ ਤੋਂ ਤਿੰਨ ਮੀਲ ਦੇ ਕਰੀਬ ਸੀ। ਮੈਂ ਜੇਹਲ ਦੇ ਮੂਹਰੇ ਖੜਾ ਹੋ ਗਿਆ। ਮੈਨੂੰ ਸਿਪਾਹੀ ਪੁਛਣ ਲਗੇ ਤੂੰ ਏਥੇ ਕਿਉਂ ਖੜਾ ਹੈਂ ਮੈਂ ਕਿਹਾ ਮੈਂ ਭਾਈ ਰਣਧੀਰ ਸਿੰਘ ਜੀ ਨਾਲ ਮੁਲਾਕਾਤ ਕਰਨੀ ਹੈ। ਤੇ ਉਨ੍ਹਾਂ ਨੇ ਕਿਹਾ ਇਸ ਵਕਤ ਮੁਲਾਕਾਤ ਨਹੀਂ ਹੋ ਸਕਦੀ ਫੇਰ ਸੁਭਾ ਕੋ ਆ ਕਰ ਦਰਖਾਸਤ ਕਰਨੀ ਫਿਰ ਮੁਲਾਕਾਤ ਹੋ ਸਕੇਗੀ। ਮੈਂ ਉਥੋਂ ਪਿਛੇ ਹਟ ਕੇ ਕਿਸੇ ਦਰਖਤ ਥਲੇ ਬੈਠ ਗਿਆ ਮੈਂ ਮੁਲਾਕਾਤ ਤਾਂ ਕਰਨ ਗਿਆ ਹੀ ਨਹੀਂ ਸੀ ਮੇਰਾ ਭਾਵ ਤਾਂ ਏਨਾ ਹੀ ਸੀ ਕਿ ਮੈਨੂੰ ਦੇਖਕੇ ਕੋਈ ਵਾਰਡਰ ਭਾਈ ਸਾਹਿਬ ਜੀ ਨੂੰ ਦਸ ਦੇਵੇ ਕਿ ਬਾਹਰ ਆਪ ਦੇ ਭਾਈ ਸਾਹਿਬ ਆਏ ਬੈਠੇ ਹਨ ਜੇ ਮੈਂ ਪਹਿਲੇ ਦਿਨ ਹੀ ਮੁਲਾਕਾਤ ਕਰ ਲੈਂਦਾ ਤਾਂ ਮੈਨੂੰ ਜੇਹਲ ਵਾਲੇ ਸਾਰੇ ਪੁਛ ਸਕਦੇ ਸਨ ਕਿ ਤੇਰੀ ਮੁਲਾਕਾਤ ਤਾਂ ਹੋ ਚੁਕੀ ਹੈ ਤੇ ਹੁਣ ਤੂੰ ਏਥੇ ਕੀ ਲੈਣ ਔਂਦਾ ਹੈਂ। ਤੇ ਮੇਰਾ ਜੇਹਲ ਦੇ ਮੂਹਰੇ ਰੋਜ਼ ਜਾਣ ਦਾ ਮਤਲਬ ਇਹੋ ਹੀ ਸੀ ਕਿ ਮੈਂ ਮੁਲਾਕਾਤ ਦੇ ਬਹਾਨੇ ਭਾਈ ਸਾਹਿਬ ਜੀ ਨੂੰ ਜਿਹੜੀਆਂ ਤਕਲੀਫਾਂ ਦਿਤੀਆਂ ਗਈਆਂ ਹਨ ਮੈਂ ਪੂਰਾ ਪਤਾ ਕਰ ਲਵਾਂ। ਸੋ ਮੈਂ ਇਕ ਦਿਨ ਦਰਖਤ ਹੇਠਾਂ ਬੈਠਾ ਸੀ ਕਿ ਵਾਰਡਰ ਜੇਹਲ ਅੰਦਰੋਂ ਆਇਆ ਮੈਨੂੰ ਦੇਖਕੇ ਉਸ ਨੇ ਇਸ਼ਾਰਾ ਦਿਤਾ ਕਿ ਇਧਰ ਨੂੰ ਆ ਜਾ ਮੈਂ ਉਠਕੇ ਉਥੇ ਪਹੁੰਚਾ। ਉਸ ਵਾਰਡਰ ਨੇ ਪਸ਼ਾਬ ਕਰਨ ਦੇ ਬਹਾਨੇ ਇਕ ਥਾਂ ਬੈਠਕੇ ਇਕ ਚਿਠੀ ਭਾਈ ਸਾਹਿਬ ਜੀ ਦੀ ਲਿਖੀ ਹੋਈ ਜ਼ਮੀਨ ਤੇ ਰਖ ਦਿਤੀ ਤੇ ਆਪ ਲਾਂਭੇ ਹੋ ਗਿਆ ਮੈਂ ਉਸੇ ਥਾਂ ਬੈਠਕੇ ਤੇ ਪਸ਼ਾਬ ਕਰਨ ਦੇ ਬਹਾਨੇ ਉਹ ਚਿਠੀ ਚੁਕ ਲਈ। ਚਿਠੀ ਲੈਕੇ ਮੈਂ ਆਪਣੇ ਘਰ ਨੂੰ ਤੁਰ



www.AKJ.Org

ਪਿਆ। ਸ੍ਰੀ ਮਾਨ ਭਾਈ ਸਾਹਿਬ ਜੀ ਨੇ ਲਿਖਿਆ ਹੋਇਆ ਸੀ ਕਿ ਆਪ ਨੇ ਬਹੁਤ ਅਛਾ ਕੀਤਾ ਕਿ ਤੁਸੀਂ ਆ ਗਏ ਹੋ। ਹੁਣ ਤੁਸੀਂ ਮੇਰੇ ਕਹੇ ਬਿਨਾਂ ਏਥੋਂ ਨਾ ਜਾਨਾ ਹੋਰ ਵੀ ਬਹੁਤ ਸਾਰਾ ਸਮਾਚਾਰ ਲਿਖਿਆ ਹੋਇਆ ਸੀ ਜੇਹੜਾ ਕਿ ਚਿਠੀਆਂ ਵਿਚ ਆ ਚੁਕਾ ਹੈ। ਫੇਰ ਮੇਰਾ ਇਹ ਖਿਆਲ ਹੋਇਆ ਕਿ ਏਥੇ ਸ੍ਰੀਮਾਨ ਭਾਈ ਸਾਹਿਬ ਨਾਲ ਜੋ ਕੁਛ ਵੀ ਹੋਇਆ ਹੈ ਕਾਨੂੰਨ ਤੋਂ ਖਿਲਾਫ ਹੈ ਦੰਦ ਵੀ ਭੰਨ ਦਿਤੇ ਹਨ ਤੇ ਹੋਰ ਵੀ ਕਈ ਤਰਾਂ ਦੇ ਤਸੀਹੇ ਦਿਤੇ ਹਨ। ਤੇ ਮੈਂ ਕਿਸੇ ਮੋਹਤਬਰ ਅਛੇ ਵਕੀਲ ਨੂੰ ਮਿਲਕੇ ਸਲਾਹ ਲਵਾਂ ਕਿ ਕੀ ਕੀਤਾ ਜਾਵੇ ਏਥੇ ਨਾਗ ਪੁਰ ਵਿਚ ਇਕ ਵਕੀਲ ਸੀ ਇਸ ਦਾ ਨਾਮ ਅਭੈਕਰ ਸੀ। ਮੈਂ ਇਕ ਸਿੰਘ ਨੂੰ ਨਾਲ ਲੈ ਕੇ ਜਿਸ ਦਾ ਨਾਮ ਮੁਨਸ਼ਾ ਸਿੰਘ ਸੀ ਅਸੀਂ ਦੋਨੋਂ ਹੀ ਗਏ ਤੇ ਅਭੈਕਰ ਨਾਮੇ ਵਕੀਲ ਨੂੰ ਮਿਲੇ। ਇਹ ਵਕੀਲ ਕਾਂਗਰਸ ਦਾ ਪ੍ਰੇਜ਼ੀਡੈਂਟ ਜਾਂ ਸੈਕਟਰੀ ਵੀ ਸੀ। ਇਹ ਅਭੈਕਰ ਸਾਨੂੰ ਬਹੁਤ ਚੰਗੀ ਤਰਾਂ ਮਿਲਿਆ ਤੇ ਏਸ ਨੇ ਕਿਹਾ ਕਿ ਤੁਸੀਂ ਸਾਨੂੰ ਹਰ ਰੋਜ਼ ਹੀ ਮਿਲਦੇ ਰਹੋ। ਏਸ ਪੁਰਸ਼ ਨੇ ਨਾਗਪੁਰ ਵਿਚ ਹੋਰ ਕਾਂਗਰਸੀ ਲੀਡਰਾਂ ਨਾਲ ਭੀ ਗਲ ਬਾਤ ਕੀਤੀ ਕੁਝ ਦਿਨਾਂ ਤੋਂ ਬਾਦ ਮੈਨੂੰ ਕਹਿਣ ਲਗਾ ਅਸੀਂ ਸ਼ਹਿਰ ਵਿਚ ਕਾਫੀ ਪ੍ਰਾਪੇਗੰਡਾ ਕਰ ਦਿਤਾ ਹੈ। ਮੈਂ ਜੇਲ ਨੂੰ ਭੀ ਹਰ ਰੋਜ਼ ਹੀ ਜਾਂਦਾ ਰਿਹਾ। ਇਕ ਦਿਨ ਇਹ ਵਾਰਡਰ ਭਾਈ ਸਾਹਿਬ ਜੀ ਦਾ ਖਤ ਲਿਆ ਰਿਹਾ ਸੀ ਕਿ ਰਸਤੇ ਵਿਚ ਇਕ ਡਿਉਢੀ ਔਂਦੀ ਸੀ ਉਥੇ ਉਸ ਦੀ ਦਰਵਾਨ ਨੇ ਤਲਾਸ਼ੀ ਕਰ ਲਈ ਤਾਂ ਖਤ ਪਕੜਿਆ ਗਿਆ। ਏਸੇ ਹੀ ਜੁਰਮ ਵਿਚ ਇਹ ਵਾਡਰ ਮੁਅਤਲ ਹੋ ਗਿਆ। ਤੇ ਮੈਨੂੰ ਬਹੁਤ ਹੀ ਫਿਕਰ ਹੋਇਆ ਹੁਣ ਮੈਨੂੰ ਭਾਈ ਸਾਹਿਬ ਦੀ ਚਿਠੀ ਕਿਸ ਨੇ ਲਿਆਕੇ ਦੇਣੀ ਹੈ। ਜੇਹਲ ਵਾਰਡਰਾਂ ਤੇ ਤਾਂ ਬਹੁਤ ਸਖਤੀ ਹੋ ਗਈ ਸੀ ਤੇ ਸਾਰੇ ਵਾਰਡਰ ਡਰਨ ਲਗ ਪਏ। ਪਰ ਭਾਈ ਸਾਹਿਬ ਜੀ ਦੀ ਚਿਠੀ ਲਿਖੀ ਹੋਈ ਨੂੰ ਕੋਈ ਵਿਰਲਾ ਹੀ ਪੜ੍ਹ ਸਕਦਾ ਸੀ। ਉਹ ਚਿਠੀ ਪੰਜਾਬੀ ਵਿਚ ਲਿਖੀ ਹੋਈ ਸੀ ਕੋਈ ਭੀ ਨ ਪੜ ਸਕਿਆ ਏਨਾਂ ਉਹ ਜ਼ਰੂਰ ਸਮਝ ਗਏ ਕਿ ਇਹ ਚਿਠੀ ਭਾਈ ਸਾਹਿਬ ਜੀ ਦੀ ਲਿਖੀ ਹੋਈ ਹੈ। ਮੈਨੂੰ ਪਹਿਲਾਂ ਹੀ ਪਤਾ ਲਗ ਗਿਆ ਕਿ ਚਿਠੀ ਫੜੀ ਗਈ ਹੈ ਮੈਂ ਫੇਰ ਜੇਹਲ ਦੇ ਨੇੜੇ ਨਾ ਜਾਵਾਂ ਤੇ ਦੂਰ ਹੀ ਕਿਤੇ ਬੈਠ ਰਹਾਂ ਫੇਰ ਭਾਈ ਸਾਹਿਬ ਜੀ ਨੇ ਇਕ ਹੋਰ ਪੁਰਸ਼ ਨੂੰ ਇਸ ਸੇਵਾ ਵਾਸਤੇ ਪ੍ਰੇਰਿਆ। ਇਹ ਆਦਮੀ ਮੈਨੂੰ ਟੋਲਦਾ ਹੋਇਆ ਚਿੜੀਆ ਘਰ ਦੇ ਕੋਲ ਮਿਲਿਆ ਮੈਨੂੰ ਪੁਛਣ ਲਗਾ ਆਪ ਕਹਾਂ ਸੇ ਆਏ ਹੋ ਮੈਂ ਸਮਝਿਆ ਕੋਈ ਸੀ. ਆਈ. ਡੀ. ਦਾ ਹੀ ਆਦਮੀ ਨਾ ਹੋਵੇ ਤੇ ਮੈਨੂੰ ਫੜਾ ਹੀ ਨਾ ਦੇਵੇ ਮੈਂ ਹੋਰ ਹੋਰ ਗਲਾਂ ਕਰਾਂ ਤੇ ਇਸ ਨੂੰ ਟਾਲੀ ਜਾਵਾਂ। ਆਖਰ ਏਸ ਪੁਰਸ਼ ਨੇ ਮੈਨੂੰ ਕਿਹਾ ਆਪ ਜੀ ਮੇਰੇ ਸੇ ਮਤ ਡਰੋ ਮੈਂ ਸੰਤ ਜੀ ਕਾ ਹੀ ਭੇਜਿਆ ਹੋਇਆ ਆਪ ਜੀ ਪਾਸ ਆਇਆ ਹੂੰ। ਇਹ ਲਵੋ ਮੇਰੇ ਪਾਸ ਉਨ ਕਾ ਖਤ ਹੈ ਪੜ੍ਹ ਲਵੋ ਫੇਰ ਤਾਂ ਮੈਨੂੰ ਬਹੁਤ ਹੀ ਖੁਸ਼ੀ ਹੋਈ ਕਿ ਵਿਗੜਿਆ ਕੰਮ ਫੇਰ ਠੀਕ ਹੋ ਗਿਆ ਹੈ ਮੇਰੇ ਪਾਸ ਭੀ ਇਕ ਖਤ ਲਿਖਿਆ ਹੋਇਆ ਸੀ ਮੈਂ ਉਸ ਨੂੰ ਉਹ ਖਤ ਦੇ ਦਿਤਾ ਉਸ ਜੇਹਲ ਵਾਲੇ ਮੁਲਾਜ਼ਮ ਨੇ ਆਪਣੀ ਟੋਪੀ ਪਾੜ ਕੇ ਖਤ ਵਿਚ ਪਾ ਲਿਆ ਤੇ ਮੈਂ ਉਸ ਮੁਲਾਜ਼ਮ ਨੂੰ ਆਪਣੀ ਜੇਬ ਵਿਚੋਂ ਰੁਪਏ ਕਢ ਕੇ ਦਿਤੇ ਪਰ ਉਹ ਲਵੇ ਨਾ ਤੇ



www.AKJ.Org

ਕਹਿਣ ਲਗਾ ਕਿ ਹਮੇਂ ਤੋ ਸੰਤ ਜੀ ਗੁਸੇ ਹੋਏਂ ਗੇ। ਮੈਂ ਕਿਹਾ ਤੈਨੂੰ ਮੈਂ ਕੋਈ ਰਿਸ਼ਵਤ ਦੇ ਤੌਰ ਤੇ ਨਹੀਂ ਦੇ ਰਿਹਾ ਇਹ ਤਾਂ ਇਨਾਮ ਦੇ ਰਿਹਾ ਹਾਂ ਫਿਰ ਉਸਨੇ ਇਹ ਗਲ ਮੰਨ ਲਈ। ਨੇੜੇ ਹੀ ਇਕ ਦਰਖਤ ਸੀ ਮੈਂ ਕਿਹਾ ਅਸੀਂ ਇਕ ਇਥੇ ਕੋਈ ਥਾਂ ਮੁਕਰਰ ਕਰ ਲਈਏ ਜਿਥੇ ਤੂੰ ਆਪਣਾ ਖਤ ਰਖ ਜਾਇਆ ਕਰੇਂ ਤੇ ਮੇਰਾ ਲੈ ਜਾਇਆ ਕਰੇਂ ਉਸਨੇ ਇਹ ਗਲ ਮੰਨ ਲਈ। ਨੇੜੇ ਹੀ ਇਕ ਦਰਖਤ ਸੀ ਮੈਂ ਕਿਹਾ ਇਸਦੀ ਜੜ ਵਿਚ ਮਿਟੀ ਪੁਟ ਕੇ ਖਤ ਰਖ ਕੇ ਉਤੇ ਇਕ ਇਟ ਦੇ ਦਿਆ ਕਰੀਂ ਤੇ ਏਥੋਂ ਹੀ ਮੇਰਾ ਖਤ ਲੈ ਜਾਇਆ ਕਰੀਂ ਏਥੇ ਸਾਡਾ ਦੋਹਾਂ ਜਣਿਆਂ ਦਾ ਲੈਟਰ ਬਕਸ ਮੁਕਰਰ ਹੋ ਗਿਆ। ਇਸ ਪੁਰਸ਼ ਨੇ ਭਾਈ ਸਾਹਿਬ ਜੀ ਦੇ ਇਕੀ ਖਤ ਲਿਆਂਦੇ ਇਹ ਸੇਵਾ ਇਸ ਮੁਲਾਜ਼ਮ ਵਾਸਤੇ ਬਹੁਤ ਹੀ ਔਖੀ ਸੀ ਪਰ ਇਸ ਬਹਾਦਰ ਨੇ ਇਹ ਸੇਵਾ ਪੂਰੀ ਤਰਾਂ ਨਿਭਾਈ। ਮੇਰੀ ਤੇ ਭਾਈ ਸਾਹਿਬ ਜੀ ਦੀ ਏਸ ਤੇ ਬਹੁਤ ਹੀ ਖੁਸ਼ੀ ਹੋਈ। ਤੇ ਅਸੀਂ ਇਸ ਪੁਰਸ਼ ਨੂੰ ਕੁਛ ਹੋਰ ਵੀ ਰੁਪਏ ਵੀ ਦਿਤੇ ਮੈਂ ਇਹ ਇਕੀ ਖੱਤ ਅਭੇਕਰ ਵਕੀਲ ਨੂੰ ਪੜ ਕੇ ਸੁਣਾਏ ਵਕੀਲ ਕਹਿਣ ਲਗਾ ਇਹ ਤੇ ਆਪਨੇ ਬਹੁਤ ਅਛਾ ਕਾਮ ਕੀਆ। ਇਹ ਕਮ ਜਣਾ ਖਣਾ ਨਹੀਂ ਕਰ ਸਕਦਾ ਮੈਂ ਕਿਹਾ ਇਹ ਕੋਈ ਏਡੀ ਬਹਾਦਰੀ ਨਹੀਂ ਹੈ ਜਿੰਨ੍ਹਾਂ ਨੇ ਜੇਹਲਾਂ ਕਟੀਆਂ ਹੁੰਦੀਆਂ ਹਨ ਓਹ ਜਾਣਦੇ ਹਨ ਕਿ ਜੇਲ ਦੇ ਵਾਰਡਰਾਂ ਨੂੰ ਪੈਸੇ ਦੇ ਕੇ ਜੋ ਮਰਜ਼ੀ ਮੰਗਾ ਲਵੋ। ਇਨ੍ਹਾਂ ਖੱਤਾਂ ਦਾ ਉਤਾਰਾ ਕਰਕੇ ਦਾਸ ਤਿਨ ਕਾਪੀਆਂ ਕਰ ਲਈਆਂ ਇਕ ਕਾਪੀ ਸ਼੍ਰੋਮਣੀ ਕਮੇਟੀ ਨੂੰ ਸ੍ਰੀ ਅੰਮ੍ਰਿਤ ਸਰ ਭੇਜ ਦਿਤੀ ਉਨਾਂ ਨੇ ਇਹ ਮਜ਼ਮੂਨ ਕਈ ਅਖਬਾਰਾਂ ਨੂੰ ਦਿਤੇ ਇਸ ਸੇਵਾ ਵਿਚ ਕੁਛ ਹਥ ਗੁਰਨਾਮ ਸਿੰਘ ਭਸੌੜੀਏ ਨੇ ਵਟਾਇਆ ਏਸ ਪੁਰਸ਼ ਨੇ ਇਹ ਖੱਤ ਅੰਗ੍ਰੇਜ਼ੀ ਵਿਚ ਉਲਥਾ ਕਰ ਕੇ ਕਿਸੇ ਅੰਗ੍ਰੇਜ਼ੀ ਦੇ ਅਖਬਾਰ ਨੂੰ ਦੇ ਦਿਤਾ ਤੇ ਕੁਛ ਸੇਵਾ ਅਭੇਕਰ ਨੇ ਵੀ ਕੀਤੀ ਏਸ ਨੇ ਇਕ ਅਖਬਾਰ ਨੂੰ ਲਿਖ ਕੇ ਭੇਜਿਆ ਸੀ ਅਭੇਕਰ ਦਾ ਮਿਲਾਪ ਮੇਰੇ ਨਾਲ ਮਨਸ਼ਾ ਸਿੰਘ ਨੇ ਕਰਾਇਆ ਸੀ।

ਏਹ ਅਭੇਕਰ ਨੂੰ ਨਾ ਹੀ ਦਾਸ ਜਾਣਦਾ ਸੀ ਨਾ ਹੀ ਸ੍ਰੀਮਾਨ ਭਾਈ ਸਾਹਿਬ ਜਾਣਦੇ ਸਨ। ਅਭੇਕਰ ਨੇ ਸਾਨੂੰ ਕਾਫੀ ਇਮ-ਦਾਦ ਦਿਤੀ ਏਸ ਨੇ ਨਾਗਪੁਰ ਕਾਂਗਰਸ ਕਮੇਟੀ ਨਾਲ ਸਲਾਹ ਕਰਕੇ ਇਕ ਜਲੂਸ ਕਢਿਆ ਮੈਨੂੰ ਨਾਲ ਲੈ ਲਿਆ। ਸ੍ਰੀ ਮਾਨ ਭਾਈ ਸਾਹਿਬ ਜੀ ਦਾ ਨਾਮ ਲੈ ਕੇ ਕਾਫੀ ਕੁਛ ਕਿਹਾ ਦੂਜਾ ਉਨ੍ਹਾਂ ਦਿਨਾਂ ਵਿਚ ਸ੍ਰਦਾਰ ਖੜਕ ਸਿੰਘ ਭੀ ਕਿਸੇ ਜੇਲ ਵਿਚ ਕੈਦ ਸਨ ਤੇ ਨੰਗੇ ਧੜ ਹੀ ਬੈਠੇ ਸਨ। ਏਥੇ ਨਾਗਪੁਰ ਜਲੂਸ ਵਿਚ ਇਨਾਂ ਦਾ ਨਾਉਂ ਲੈਲੈ ਕੇ ਬਹੁਤ ਸਾਰੀ ਰੋਸ਼ਨੀ ਪਾਈ। ਫੇਰ ਤਾਂ ਜਦੋਂ ਜੇਹਲ ਦੇ ਸੁਪਰਡੰਟ ਜਟਾਰ ਨੂੰ ਪਤਾ ਲਗਾ ਕਿ ਮੇਰੇ ਖਲਾਫ ਜਲੂਸ ਕਢਿਆ ਗਿਆ ਹੈ ਤੇ ਮੈਨੂੰ ਹਰ ਇਕ ਪੁਰਸ਼ ਲਾਨਤਾਂ ਪਾ ਰਿਹਾ ਹੈ ਅਖਬਾਰਾਂ ਵਿਚ ਭੀ ਮੇਰੇ ਖਲਾਫ ਕਾਫੀ ਪਰਾਪੇਗੰਡਾ ਹੋ ਰਿਹਾ ਹੈ ਤਾਂ ਮੈਂ ਫੇਰ ਕਾਫੀ ਘਬਰਾਇਆ। ਤੇ ਮੈਨੂੰ ਜਟਾਰ ਇਥੇ ਰਸਤੇ ਵਿਚ ਮਿਲਿਆ ਤੇ ਕਹਿਣ ਲਗਾ ਮੇਰੇ ਖਲਾਫ ਪੇਪਰੋਂ ਮੇ ਆਪ ਨੇ ਹੀ ਪ੍ਰਾਪੇਗੰਡਾ ਕੀਆ ਹੈ। ਮੈਂ ਕਿਹਾ ਅਖਬਾਰੋਂ ਮੇਂ ਭੀ ਮੈਨੇ ਹੀ ਲਿਖ ਕਰ ਦੀਆ ਹੈ। ਤੇ ਜਟਾਰ ਕਹਿਣ ਲਗਾ ਕਿ ਇਹ ਸਭ ਝੂਠ ਹੈ ਜੋ ਆਪਨੇ ਲਿਖ ਕਰ ਦੀਆ ਹੈ। ਫਿਰ ਮੈਨੂੰ ਇਸ ਜਟਾਰ ਤੇ ਗੁਸਾ ਆ ਗਿਆ ਮੈਂ ਕਿਹਾ ਝੂਠਿਆਂ ਨੂੰ ਸਭ ਝੂਠ ਹੀ



www.AKJ.Org

ਭਾਸਦਾ ਹੈ ਤੈਂਨੇ ਭਾਈ ਸਾਹਿਬ ਜੀ ਕੇ ਦਾਂਤ ਨਹੀਂ ਤੋੜੇ ਜੇ ਆਪ ਮੇ ਕੋਈ ਸਚਾਈ ਹੈ ਤਾਂ ਭਾਈ ਸਾਹਿਬ ਨੂੰ ਮੇਰੇ ਸਾਹਮਣੇ ਲਿਆ ਤੇ ਸਭ ਕੁਛ ਉਹ ਆਪ ਹੀ ਦਸ ਦੇਣਗੇ ਝੂਠ ਹੈ ਜਾਂ ਸਚ ਹੈ। ਤੇ ਫੇਰ ਮੈਨੂੰ ਜਟਾਰ ਕਹਿਣ ਲਗਾ ਆਪ ਕਾ ਭਾਈ ਸਾਹਿਬ ਕੈਦੀ ਹੈ ਮੈ ਕਿਹਾ ਮੈਂ ਨਹੀਂ ਮਾਨਤਾ ਕਿ ਮੇਰਾ ਭਾਈ ਸਾਹਿਬ ਕੈਦੀ ਹੈ ਕੈਦੀ ਤਾਂ ਤੂੰ ਹੈਂ ਜੇਹੜਾ ਪੇਟ ਦੀ ਖਾਤਰ ਦੇਸ਼ ਭਗਤਾਂ ਨੂੰ ਮਾਰਦਾ ਹੈਂ। ਭਾਈ ਸਾਹਿਬ ਜੀ ਤਾਂ ਧਰਮ ਖਾਤਰ ਜੇਹਲ ਵਿਚ ਆਏ ਹਨ ਉਹ ਤਾਂ ਸਦਾ ਹੀ ਆਜ਼ਾਦ ਹਨ। ਇਸ ਜਟਾਰ ਦੀ ਮੇਰੇ ਨਾਲ ਕਾਫੀ ਤੂੰ ਤੂੰ ਮੈਂ ਮੈਂ ਹੋਈ। ਫੇਰ ਮੈਨੂੰ ਕਹਿਣ ਲਗਾ ਸ੍ਰਦਾਰ ਜੀ ਤੁਸੀਂ ਗੁਸੇ ਮੇਂ ਕਿਉਂ ਆ ਰਹੇ ਹੋ ਮੈਂ ਤੋ ਆਪ ਕੇ ਭਾਈ ਸਾਹਿਬ ਕੇ ਭਲੇ ਲਈ ਸਬ ਕੁਛ ਕੀਆ ਹੈ ਖਾਨਾ ਨਹੀਂ ਖਾਤਾ ਥਾ ਤੋ ਉਸ ਕੋ ਜਬਰ ਦਸਤੀ ਖਾਨਾ ਖੁਲਾਇਆ ਹੈ। ਨਹੀਂ ਤੋ ਆਪ ਕਾ ਭਾਇਾ ਸਾਹਿਬ ਜੀ ਤੋ ਖਤਮ ਹੋ ਜਾਤਾ ਮੈਂ ਫੇਰ ਜਟਾਰ ਨੂੰ ਕਿਹਾ ਕਿ ਜੇ ਤੂੰ ਭਾਈ ਸਾਹਿਬ ਜੀ ਦਾ ਐਨਾ ਖੈਰ ਖੁਆਹ ਹੈਂ ਤਾਂ ਮੈਂ ਉਨ ਕੇ ਲੀਏ ਕੁਛ ਖਾਣ ਵਾਸਤੇ ਚੀਜ਼ਾਂ ਲਿਆਇ-ਆ ਹਾਂ ਤੇ ਕੁਛ ਕਿਤਾਬਾਂ ਹਨ ਇਕ ਜੁਤੀ ਹੈ। ਇਹ ਚੀਜ਼ਾਂ ਉਹਨਾਂ ਨੂੰ ਪਹੁੰਚਾ ਦੇ। ਮੈਨੂੰ ਜਟਾਰ ਕਹਿਣ ਲਗਾ ਆਪ ਨੇ ਪੇਪਰੋਂ ਮੇਂ ਮੁਝ ਕੋ ਬਹੁਤ ਹੀ ਬਦਨਾਮ ਕੀਆ ਹੈ। ਮੈਂ ਉਨ ਕੇ ਕੁਛ ਨਹੀਂ ਦੇਣਾ ਚਾਹੁੰਦਾ। ਮੈਂ ਜਟਾਰ ਨੂੰ ਕਹਿ ਕਹਾ ਕੇ ਆਪਣੇ ਅਟਬਾਨ ਤੇ ਚਲਾ ਗਿਆ। ਤੇ ਫੇਰ ਦੂਜੇ ਦਿਨ ਮੈਂ ਅਭੇਕਰ ਵਕੀਲ ਨੂੰ ਮਿਲਿਆ ਮੈਨੂੰ ਅਭੇਕਰ ਕਹਿਣ ਲਗਾ ਏਥੇ ਨਾਗਪੁਰ ਵਿਚ ਤਿੰਨ ਜੱਜ ਹਨ ਤੇ ਇਹ ਜੇਹਲ ਕਮੇਟੀ ਦੇ ਮੈਂਬਰ ਬੀ ਹਨ ਤੇ ਤੂੰ ਅਜ ਜਾ ਕੇਲਕਰ ਜੱਜ ਨੂੰ ਸਾਰਾ ਹਾਲ ਦਸ ਤੇ ਮੈਂ ਫਿਰ ਕੇਲਕਰ ਜੱਜ ਦੀ ਕੋਠੀ ਜਾ ਕੇ ਉਸ ਨੂੰ ਸਾਰਾ ਹਾਲ ਦਸਿਆ ਤੇ ਮੈਂ ਏਸ ਜੱਜ ਨੂੰ ਕਿਹਾ ਕਿ ਆਪ ਏਸ ਜੇਹਲ ਕਮੇਟੀ ਦੇ ਮੈਂਬਰ ਹੋ ਪੰਜਾਬ ਸੇ ਆਪ ਕੀ ਜੇਹਲ ਮੈਂ ਭਾਈ ਸਾਹਿਬ ਰਣਧੀਰ ਸਿੰਘ ਜੀ ਆਏ ਹੋਏ ਹਨ। ਉਨ ਕੇ ਉਪਰ ਬਹੁਤ ਹੀ ਸਖਤੀਆਂ ਹੋ ਰਹੀਆਂ ਹਨ। ਦਾਂਤ ਭੀ ਤੋੜ ਦੀਏ ਹੈਂ ਤੁਸੀਂ ਜੇਹਲ ਮੇਂ ਜਾ ਕਰ ਏਸ ਬਾਤ ਕੀ ਪੜਤਾਲ ਕੀ ਹੈ ਉਹ ਕਹਿਣ ਲਗਾ ਵੋਹ ਆਪ ਕੇ ਭਾਈ ਸਾਹਿਬ ਹੈਂ ਵੋਹ ਤੋ ਬਹੁਤ ਜ਼ਿਦੀ ਹੈਂ। ਜੇਹਲ ਮੇਂ ਆ ਕਰ ਖਾਣੇ ਪੀਣੇ ਕੇ ਵਾਸਤੇ ਜਿਦ ਕਰਨੀ ਅਛੀ ਬਾਤ ਨਹੀਂ ਹੈ। ਤੇ ਜੇਹਲ ਵਾਲਿਉਂ ਨੇ ਪਕੜ ਕਰ ਜ਼ਬਰਦਸਤੀ ਉਸ ਕੋ ਖਾਣਾ ਖਿਲਾਇਆ ਨਹੀਂ ਤੋ ਮਰ ਜਾਤਾ ਮੈਂ ਕਿਹਾ ਦਾਂਤ ਤੋੜਨੇ ਤੋ ਆਪ ਸੇ ਹੀ ਮੇਰੇ ਕੋ ਸਾਬਤ ਹੋ ਗਏ ਹੈਂ ਜਦੋਂ ਜਬਰਦਸਤੀ ਪੰਜ ਚਾਰ ਆਦਮੀਆਂ ਨੇ ਪਕੜ ਕਰ ਮੂੰਹ ਮੇਂ ਨਲਕੀ ਪਾਈ ਹੋਏਗੀ ਇਸੀ ਜ਼ਬਰਦਸਤੀ ਕਰਨੇ ਸੇ ਉਨ ਕੇ ਦਾਤ ਟੁਟ ਗਏ ਹੋਏਂਗੇ। ਫਿਰ ਇਹ ਕੇਲਕਰ ਜੱਜ ਟਾਲਾਂ ਵਾਲਾ ਕਰਨ ਲਗਾ ਤੇ ਹੋਰ ਹੋਰ ਹੀ ਗਲਾਂ ਕਰਨ ਲਗ ਪਿਆ ਮਹਾਤਮਾ ਗਾਂਧੀ ਨੇ ਕਿਆ ਮੁਲਕ ਮੇਂ ਫਤੂਰ ਪਾ ਰਖਾ ਹੈ। ਮੈਂ ਕਿਹਾ ਮੇਰਾ ਇਨ ਬਾਤੋਂ ਸੇ ਕੋਈ ਵਾਸਤਾ ਨਹੀਂ ਹੈ ਜਿਸ ਕਾਮ ਕੇ ਲਿਏ ਮੈਂ ਆਪ ਕੇ ਪਾਸ ਆਇਆ ਹੂੰ ਉਸ ਬਾਤ ਕਾ ਮੁਝੇ ਜਵਾਬ ਦੋ। ਫੇਰ ਮੈਨੂੰ ਕਹਿਣ ਲਗਾ ਆਜ ਮੈਂ ਫੇਰ ਜੇਹਲ ਕੋ ਜਾਊਂਗਾ ਘਬਰਾਓ ਨਹੀਂ ਪੂਰੀ ਪੂਰੀ ਪੜਤਾਲ ਕਰ ਕੇ ਆਵਾਂਗਾ। ਫਿਰ ਮੈਂ ਆ ਕ ਸਾਰਾ ਹਾਲ



www.AKJ.Org

ਅਭੈਕਰ ਨੂੰ ਦਸਿਆ ਕਿ ਮੇਰੇ ਨਾਲ ਕੇਲਕਰ ਜੱਜ ਦੀ ਕਾਫੀ ਗੁਫਤਗੂ ਹੋਈ ਹੈ ਤੇ ਏਹ ਕੁਛ ਕਿਹਾ ਹੈ। ਫਿਰ ਮੈਨੂੰ ਅਭੈਕਰ ਕਹਿਣ ਲਗਾ ਕਲ ਨੂੰ ਤੂੰ ਏਥੇ ਇਕ ਮਾਰਵਾੜੀ ਜੱਜ ਹੈ ਉਸ ਪਾਸ ਵੀ ਜਾਹ ਤੇ ਮੈਂ ਦੂਜੇ ਦਿਨ ਮਾਰਵਾੜੀ ਜੱਜ ਦੀ ਕੋਠੀ ਗਿਆ ਇਹ ਮਾਰਵਾੜੀ ਜੱਜ ਬਾਹਰ ਹੀ ਮਾਮੂਲੀ ਕਪੜਿਆਂ ਵਿਚ ਬਗੀਚੇ ਵਿਚ ਖੜਾ ਸੀ ਜਾ ਕੇ ਮੈਂ ਪੁਛਿਆ ਜੱਜ ਸਾਹਿਬ ਕਹਾਂ ਹੈਂ ਮੈਨੂੰ ਕਹਿਣ ਲਗਾ ਹਮ ਹੀ ਹੈਂ ਭਾਈ ਆਈਏ ਬੈਠੀਏ ਅਸੀਂ ਦੋਨੋ ਜਣੇ ਬਾਹਰ ਕੁਰਸੀਆਂ ਤੇ ਬੈਠ ਗਏ ਏਹ ਜੱਜ ਕੰਨਾਂ ਤੋਂ ਬੋਲਾ ਸੀ ਬਹੁਤ ਹੀ ਭਲਾ ਪੁਰਸ਼ ਸੀ ਮੇਰੇ ਨਾਲ ਕਾਫੀ ਪ੍ਰੇਮ ਨਾਲ ਪੇਸ਼ ਆਇਆ ਮੈਨੂੰ ਕਹਿਣ ਲਗਾ ਮੈਂ ਅਗੇ ਜੇਹਲ ਜਾਕੇ ਸਾਰੀ ਗਲ ਬਾਤ ਕਰ ਆਇਆ ਹਾਂ ਆਪ ਕੇ ਭਾਈ ਸਾਹਿਬ ਜੀ ਤਾਂ ਦੇਸ਼ ਭਗਤ ਹੈਂ ਅਰ ਹੁਣੇ ਹੀ ਫੇਰ ਜਾਤਾ ਹੂੰ ਆਪ ਤਸੱਲੀ ਰਖਣਾ ਉਨਕੀ ਸਾਰੀਆਂ ਤਕਲੀਫਾਂ ਦੂਰ ਕੀਆ ਜਾਣਗੀਆਂ ਮੈਂ ਪੂਰੀ ਕੋਸ਼ਸ਼ ਕਰਾਂਗਾ। ਮੈਂ ਉਥੋਂ ਤੁਰ ਕੇ ਅਭੈਕਰ ਦੀ ਕੋਠੀ ਸਾਰੀ ਗਲ ਆਕੇ ਦਸੀ ਮੈਂ ਕਰਮ ਸਿੰਘ ਠੇਕੇਦਾਰ ਦੇ ਘਰ ਰਾਤ ਨੂੰ ਪਹੁੰਚ ਜਾਂਦਾ ਸੀ। ਭਾਈ ਮੁਨਸ਼ਾ ਸਿੰਘ ਜ਼ਿਲੇ ਅੰਮ੍ਰਿਤਸਰ ਦੇ ਕਿਸੇ ਪਿੰਡ ਦੇ ਰਹਿਣ ਵਾਲੇ ਸਨ ਏਥੇ ਨਾਗਪੁਰ ਵਰਕਸ਼ਾਪ ਵਿਚ ਕੰਮ ਕਰਦ ਸਨ ਬਹੁਤ ਹੀ ਪਰਉਪਕਾਰੀ ਪੁਰਸ਼ ਸਨ ਕੁਛ ਦਿਨ ਤੋਂ ਬਾਦ ਏਥੇ ਨਾਗਪੁਰ ਵਿਚ ਕਿਸੇ ਦੇ ਘਰ ਟੀ ਪਾਰਟੀ ਹੋਈ ਸੀ ਉਥੇ ਅਭੈਕਰ ਨੇ ਤੇ ਜੇਲ ਦੇ ਸੁਪਰਡੰਟ ਜਟਾਰ ਨੇ ਭੀ ਸ਼ਾਮਲ ਹੋਣਾ ਸੀ ਤੇ ਬਹੁਤ ਸਾਰੇ ਹੋਰ ਭੀ ਅਫਸਰ ਆਏ ਹੋਏ ਸਨ। ਏਥੇ ਅਭੈਕਰ ਨੇ ਜਟਾਰ ਨਾਲ ਭਾਈ ਸਾਹਿਬ ਬਾਰੇ ਗਲ ਬਾਤ ਕਰਨੀ ਸ਼ੁਰੂ ਕਰ ਦਿਤੀ ਸਾਰੀ ਗਲ ਬਾਤ ਹੋਈ ਮੈਨੂੰ ਸਾਰੀ ਕਹਾਣੀ ਅਭੈਕਰ ਨੇ ਉਥੋਂ ਆ ਕੇ ਦਸੀ ਆਖਰ ਜਟਾਰ ਨੇ ਮੰਨ ਲਿਆ ਕਿ ਜਿਨਾਂ ਗਲਾਂ ਦੀ ਭਾਈ ਸਾਹਿਬ ਰਣਧੀਰ ਸਿੰਘ ਨੂੰ ਤਕਲੀਫ਼ ਹੈ ਠੀਕ ਕਰ ਦਿਤੀ ਜਾਵੇਗੀ। ਜੋ ਪੁਰਸ਼ ਪੰਜਾਬ ਸੇ ਇਸਕਾ ਰਿਸ਼ਤੇਦਾਰ ਆਇਆ ਬੈਠਾ ਹੈ ਮੇਰੇ ਖਿਲਾਫ ਉਸਨੇ ਬਹੁਤ ਹੀ ਪ੍ਰਾਪੇਗੰਡਾ ਕੀਆ ਹੈ ਉਸਕੋ ਯਹਾਂ ਸੇ ਭੇਜ ਦੇਵੋ। ਅਭੈਕਰ ਨੇ ਕਿਹਾ ਕਿ ਆਪ ਇਨ ਕੋ ਭਾਈ ਸਾਹਿਬ ਕੀ ਮੁਲਾਕਾਤ ਕਰਵਾ ਦੇਵੋ ਫਿਰ ਵੋਹ ਚਲਿ ਜਾਏਂਗੇ ਜਟਾਰ ਨੇ ਮੰਨ ਲਿਆ ਦੂਜੇ ਜਾਂ ਤੀਜੇ ਦਿਨ ਮੈਂ ਜੇਹਲ ਜਾਕੇ ਦਰਖਾਸਤ ਕੀਤੀ ਮੇਰੀ ਮੁਲਾਕਾਤ ਭਾਈ ਸਾਹਿਬ ਜੀ ਦੇ ਸਾਥ ਕਰਵਾ ਦੇਵੋ। ਜਦ ਨੂੰ ਲੰਗੜਾ ਜਟਾਰ ਵੀ ਆ ਗਿਆ ਮੈਨੂੰ ਕਹਿਣ ਲਗਾ ਕਿਆ ਬਾਤ ਹੈ ਮੈਂ ਕਿਹਾ ਮੁਲਾਕਾਤ ਕਰਵਾ ਦੇਵੋ ਮੈਨੂੰ ਕਹਿਣ ਲਗਾ ਮੁਲਾਕਾਤ ਤਾਂ ਹੋਵੇਗੀ ਜੇ ਕੋਈ ਜੇਹਲ ਦੀ ਗਲਬਾਤ ਨਾ ਹੋਵੇ ਮੈਂ ਕਿਹਾ ਮੁਲਾਕਾਤ ਤਾਂ ਇਸ ਵਾਸਤੇ ਕਰੀ ਜਾਂਦੀ ਹੈ ਕਿ ਆਪ ਕੋ ਜੇਹਲ ਖਾਨੇ ਮੇਂ ਖਾਨੇ ਕੇ ਵਾਸਤੇ ਕਿਆ ਮਿਲਤਾ ਹੈ। ਕੀ ਕੰਮ ਕਰਦੇ ਹੋ ਤੇ ਮੈਨੂੰ ਜਟਾਰ ਕਹਿਣ ਲਗਾ ਕਿ ਮੈਂ ਕੋਈ ਬਾਤ ਸੁਣਨੇ ਕੇ ਲੀਏ ਤਿਆਰ ਨਹੀਂ ਹੂੰ॥

ਚਲਦਾ.....



www.AKJ.Org

ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ
ਸਮੂੰਹ ਅਖੰਡ ਕੀਰਤਨੀ ਜਥਿਆਂ ਵਲੋਂ
ਚੰਡੀਗੜ੍ਹ ਵਿਖੇ

# ਸਾਲਾਨਾ ਸਮਾਗਮ ਹੋਲਾ ਮਹਲਾ

ਸਤਿਗੁਰ ਸਰੂਪ ਖਾਲਸਾ ਜੀਓ ! ਹੋਲਾ ਮਹਲਾ ਦਾ
ਕੀਰਤਨ ਸਮਾਗਮ
ਹੇਠ ਲਿਖੇ ਪ੍ਰੋਗਰਾਮ ਅਨੁਸਾਰ ਚੰਡੀਗੜ੍ਹ ਵਿਖੇ ਬੜੀ ਸੱਜ ਧੱਜ ਨਾਲ
ਮਨਾਇਆ ਜਾ ਰਿਹਾ ਹੈ।

## ਪ੍ਰੋਗਰਾਮ

| | |
|---|---|
| ੨੪ ਮਾਰਚ ਦਿਨ ਸ਼ੁਕਰਵਾਰ | ਕੀਰਤਨ ਸ੍ਰੀ ਆਸਾ ਜੀ ਦੀ ਵਾਰ ੫ ਤੋਂ ੯ ਤਕ ਉਪ੍ਰੰਤ ਅਖੰਡ ਕੀਰਤਨ ਚਲ ਸੋ ਚਲ। (ਗੁਰਦੁਆਰਾ ਸਾਹਿਬ ਸੈਕਟਰ ੧੯-ਡੀ ਚੰਡੀਗੜ੍ਹ) |
| ੨੫ ਮਾਰਚ ਦਿਨ ਸ਼ਨੀਵਾਰ | ਕੀਰਤਨ ਆਸਾ ਜੀ ਦੀ ਵਾਰ ੫ ਤੋਂ ੯ ਤਕ ਉਪ੍ਰੰਤ ਅਖੰਡ ਕੀਰਤਨ ੧੨ ਵਜੇ ਤਕ (ਗੁਰਦੁਵਾਰਾ ਸਾਹਿਬ ਸੈਕਟਰ ੧੯-ਡੀ ਚੰਡੀਗੜ੍ਹ) |
| ੨੫ ਮਾਰਚ ਦਿਨ ਸ਼ਨੀਵਾਰ | **ਅੰਮ੍ਰਿਤ ਸੰਚਾਰ** ਠੀਕ ਦਿਨ ਦੇ ਦੋ ਬਜੇ ਆਰੰਭ ਗੁਰਦੁਆਰਾ ਸਾਹਿਬ ਸੈਕਟਰ ੧੯-ਡੀ ਚੰਡੀਗੜ੍ਹ ਵਿਖੇ ਹੋਵੇਗਾ। |

## ਕੀਰਤਨ ਰੈਣ ਸਬਾਈ

| | |
|---|---|
| ੨੫ ਮਾਰਚ ਦਿਨ ਸ਼ਨੀਵਾਰ | ਸ਼ਾਮ ਦੇ ਠੀਕ ੮ ਵਜੇ ਕੀਰਤਨ ਰੈਣ ਸਬਾਈ (ਗੁਰਦੁਆਰਾ ਸਾਹਿਬ ਸੈਕਟਰ ੧੯-ਡੀ ਵਿਖੇ ਆਰੰਭ ਹੋਵੇਗਾ) |
| ੨੬ ਮਾਰਚ ਦਿਨ ਐਤਵਾਰ | ਸਵੇਰੇ ੯ ਵਜੇ ਸਮਾਗਮ ਦੀ ਸਮਾਪਤੀ ਹੋਵੇਗੀ। |

ਨੋਟ:— ੧. ਬਾਹਰੋਂ ਆਈਆਂ ਸੰਗਤਾਂ ਦਾ ਉਤਾਰਾ ਗੁਰਦੁਵਾਰਾ ਸਾਹਿਬ ਸੈਕਟਰ ੧੯-ਡੀ ਚੰਡੀਗੜ੍ਹ ਦੇ ਨੇੜੇ ਹੀ ਕੀਤਾ ਜਾਵੇਗਾ।

੨. ਸਮੇਂ ਦੀ ਥੁੜ ਹੋਣ ਕਰਕੇ ਪਿਆਰਿਓ ਆਪ ਜੀ ਨੂੰ ਹੋਰ ਛਪਿਆ ਪ੍ਰੋਗਰਾਮ ਨਹੀਂ ਭੇਜ ਸਕਾਂਗੇ। ਏਸੇ ਬੇਨਤੀ ਨੂੰ ਪ੍ਰਵਾਨ ਕਰਕੇ ਦਾਸਾਂ ਨੂੰ ਨਿਵਾਜਨਾਂ।

| **ਪੁਛ ਗਿਛ ਲਈ** | **ਦਾਸਰੇ** |
|---|---|
| ਸਰਦਾਰ ਹਰਬੰਤ ਸਿੰਘ "ਬਬਰ" | ਅਖੰਡ ਕੀਰਤਨੀ ਜੱਥਾ |
| ਸੁਪਰੰਟੰਡੰਟ ਇਰੀਗੇਸ਼ਨ ਸੈਕਟਰ-੧੭ | |
| **ਚੰਡੀਗੜ੍ਹ** | **ਚੰਡੀਗੜ੍ਹ** |

www.AKJ.Org

# ਸਾਲਾਨਾ ਕੀਰਤਨ ਸਮਾਗਮ

ਸਨਿਮਰ ਬੇਨਤੀ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ੩੦, ੩੧ ਮਾਰਚ ਤੇ ੧ ਅਪ੍ਰੈਲ ੧੯੬੭ ਨੂੰ ਹੇਠ ਲਿਖੇ ਪਰੋਗਰਾਮ ਅਨੁਸਾਰ ਪਿੰਡ ਡਾਲੋ ਮਾਜਰਾ (ਰਾਜਪੁਰਾ—ਸਰਹੰਦ ਸੜਕ ਤੇ) ਵਿਖੇ ਹਰਿਜਸ ਕੀਰਤਨ ਦੀਆਂ ਘੁਮਰਾਂ ਪਾਉਣਗੇ । ਆਪ ਜੀ ਸਹਿਤ ਪ੍ਰਵਾਰ, ਸੰਗੀ ਸਾਥੀਆਂ ਦੇ ਦਰਸ਼ਨ ਦੇ ਕੇ ਕ੍ਰਿਤਾਰਥ ਕਰੋ ਜੀ। ਅੰਮ੍ਰਿਤ ਸੰਚਾਰ ਸਨਿਚਰਵਾਰ ਦੋ ਵਜੇ ਸ਼ੁਰੂ ਹੋਵੇਗਾ।

## ★ ਪਰੋਗਰਾਮ ਕੀਰਤਨ ਸਮਾਗਮ ★

30-3-67 ਵੀਰਵਾਰ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਤੇ ਅਰੰਭ ਅਖੰਡ ਪਾਠ ।

1-4-67 ਸ਼ਨੀਚਰਵਾਰ ਅੰਮ੍ਰਿਤ ਵੇਲੇ ਭੋਗ ਸ਼੍ਰੀ ਅਖੰਡਪਾਠ ਤੇ ਕੀਰਤਨ ਆਸਾ ਜੀ ਦੀ ਵਾਰ ।

1-4-67 **ਕੀਰਤਨ ਰੈਣ ਸਬਾਈ** ਸ਼ਾਮ ਨੂੰ 8 ਵਜੇ ਸ਼ੁਰੂ ਹੋਕੇ 2-4-67 ਦਿਨ ਐਤਵਾਰ ਅੰਮ੍ਰਿਤ ਵੇਲੇ ਸਮਾਪਤੀ ਹੋਵੇਗੀ।

ਨੋਟ:–1 ਪਿੰਡ ਡਾਲੋ ਮਾਜਰਾ, ਰਾਜਪੁਰਾ ਤੋਂ ਸਰਹੰਦ ਵਾਲੀ ਸੜਕ ਤੇ 9 ਮੀਲ ਤੇ ਹੈ।

2 ਡਾਲੋਮਾਜਰਾ ਸਰਹੰਦ ਤੋਂ ਰਾਜਪੁਰਾ ਵਾਲੀ ਸੜਕ ਤੇ 7 ਮੀਲ ਤੇ ਹੈ।

3 ਰੇਲ ਗਡੀ ਤੇ ਆਉਣ ਵਾਲੀ ਸੰਗਤ ਸਾਧੂਗੜ੍ਹ ਸਟੇਸ਼ਨ ਤੇ ਉਤਰੇ ਤੇ ਫਿਰ ਜੀ. ਟੀ. ਰੋਡ ਰਾਜਪੁਰਾ ਦੀ ਤਰਫ ਡੇਢ ਮੀਲ ਨੂੰ ਜਾਵੇ।

ਚਰਨ ਧੂੜ ਦੇ ਜਾਚਕ—

**ਸੰਗਤ ਪਿੰਡ ਡਾਲੋ ਮਾਜਰਾ**



www.AKJ.Org

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | |
|---|---|
| ੧. ਜੇਲ੍ਹ ਚਿੱਠੀਆਂ | ੫.੦੦ |
| ੨. ਗੁਰਮਤ ਨਾਮ ਅਭਿਆਸ ਕਮਾਈ | ੨.੫੦ |
| ੩. ਗੁਰਮਤ ਲੇਖ | ੨.੫੦ |
| ੪. ਗੁਰਮਤ ਬਬੇਕ | ੩.੦੦ |
| ੫. ਸੱਚਖੰਡ ਦਰਸ਼ਨ | ੦.੭੫ |
| ੬. ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧.੦੦ |
| ੭. ਚਰਨ ਕਮਲ ਕੀ ਮਉਜ | ੦.੮੮ |
| ੮. ਅਣਡਿਠੀ ਦੁਨੀਆਂ | ੪.੦੦ |
| ੯ ਕਰਮ ਫਿਲਾਸਫੀ | ... |
| ੧੦. ਅਨਹਦ ਸ਼ਬਦ ਦਸਮ ਦੁਆਰ | ੨.੫੦ |
| ੧੧. ਗੁਰਮਤ ਸਚ ਨਿਰਣੇ | ... |
| ੧੨. ਅੰਮ੍ਰਿਤ ਕਲਾ | ੦.੪੦ |
| ੧੩. ਅੰਮ੍ਰਿਤ ਕੀ ਹੈ ? | ੦.੩੦ |
| ੧੪. ਸੁਪਨਾ | ... |
| ੧੫. ਬਾਬਾ ਵੈਦ ਰੋਗੀਆਂ ਦਾ | ੦.੨੦ |
| ੧੬. ਗਯਾਨ ਚਾਨਣਾ | ... |
| ੧੭. ਹਉਮੈ ਨਾਵੈ ਨਾਲਿ ਵਿਰੋਧ | ੦.੨੦ |
| ੧੮. ਦਰਸ਼ਨ ਝਲਕਾਂ (ਕਵਿਤਾ) | ... |
| ੧੯. ਜੋਤਿ ਵਿਗਾਸ (ਕਵਿਤਾ) | ... |
| ੨੦. ਕਥਾ ਕੀਰਤਨ | ੨.੦੦ |
| ੨੧. ਰੰਗਲੇ ਸਜਣ | ੨.੫੦ |
| ੨੨. ਸਿਖ ਕੌਣ ਹੈ ? | ੦.੧੫ |
| ੨੩. ਆਸਤਕ ਨਾਸਤਕ | ੦.੧੨ |
| ੨੪. ਕੋ ਵਿਰਲਾ ਗੁਰਮਤਿ ਚਲੈ | ੦.੨੦ |
| ੨੫. ਸਚੀਆਂ ਦਾਹੜੀਆਂ | ੦.੧੨ |
| ੨੬. ਸੰਤ ਪਦ ਨਿਰਣੇ | ੨.੨੫ |
| ੨੭. ਗੁਰਮਤ ਰਮਜ਼ਾਂ | ੦.੬੨ |
| ੨੮. ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲਖਣਤਾ | ... |
| ੨੯. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦.੧੦ |
| ੩੦. ਸਿੰਘਾਂ ਦਾ ਪੰਥ ਨਿਰਾਲਾ | ੦.੪੦ |
| ੩੧. ਅਕਾਲ ਪੁਰਖ ਦੇ ਪ੍ਰਤੱਖ ਦਰਸ਼ਨ | ੦.੨੦ |
| ੩੨. ਵਾਹਿਗੁਰੂ ਸਿਮਰਣ | ੦.੧੫ |
| ੩੩. ਗੁਰਮਤ ਪ੍ਰਕਾਸ਼ | ੧.੫੦ |
| ੩੪. ਸਿਖੀ ਸਿਦਕ ਤੇ ਧਰਮ ਰਖਿਆ | ੦.੨੦ |
| ੩੫. ਨਿਰਬਾਣ ਕੀਰਤਨੀ ਜੱਥੇ ਦੇ ਸਿੰਘਾਂ ਦੀ ਦਾਸਤਾਨ | ੦.੩੦ |
| ੩੬. ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੧.੪੦ |
| ੩੭. ਗਰਮਤ ਵਿਚਾਰ | ੦.੮੦ |
| ੩੮. ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਤਿਗੁਰ | ੦.੭੫ |
| ੩੯. ਨਾਮ ਸਬੰਧੀ ਵਿਚਾਰ | ੦.੫੦ |
| ੪੦. ਪੁਰਾਣੀ ਜੋਤਿਮਿਲੇ ਰਾਮ ਪਿਆਰੇ | ੦.੩੦ |

## ਮਾਸਕ ਪੱਤਰ ਸੂਰਾ ਪਟਿਆਲਾ ਦਾ ਸਾਲਾਨਾ ਚੰਦਾ

| | |
|---|---|
| ਦੇਸ਼ | ੬.੦੦ |
| ਪ੍ਰਦੇਸ਼ | ੧੦.੦੦ |
| ਇਕ ਪਰਚਾ | ੦.੬੦ |

ਚੀਫ ਪ੍ਰਿੰਟਿੰਗ ਪ੍ਰੈਸ, ਗਊਸ਼ਾਲਾ ਰੋਡ, ਪਟਿਆਲਾ ਤੋਂ ਅਖੰਡ ਕੀਰਤਨੀ ਜੱਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ੫੯੪-੩, ਖਾਲਸਾ ਮਹੱਲਾ, ਪਟਿਆਲਾ-੩ ਤੋਂ ੫ ਮਾਰਚ ੧੯੬੭ ਨੂੰ ਪ੍ਰਕਾਸ਼ਤ ਕੀਤਾ।

www.AKJ.Org